Shikshan Sanshodhan : Journal of Arts, Humanities and Social Sciences ISSN: 2581-6241 Volume - 3, Issue - 6, Nov-Dec – 2020
Bi-Monthly, Peer-Reviewed, Refereed, Indexed Journal Impact Factor: 3.589
Received on : 10/12/2020 Accepted on : 25/12/2020 Publication Date: 31/12/2020

# ਵਰਿਆਮ ਸਿੰਘ ਸੰਧੂ ਦੇ ਕਹਾਣੀ ਜਗਤ ਵਿਚ ਹਰੇ ਇਨਕਲਾਬ ਦੇ ਪ੍ਰਭਾਵ

**ਡਾ. ਗਗਨਦੀਪ ਕੌਰ**
ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ
ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ, ਫਤਹਿਗੜ੍ਹ ਸਾਹਿਬ।
ਈਮੇਲ ਪਤਾ: gill88gagan@gmail.com

**ਸਾਰ (Abstract):** ਹਰੇ-ਇਨਕਲਾਬ ਦੀ ਆਮਦ ਨੇ ਪੰਜਾਬੀ ਸਥਾਨਕਤਾ ਨੂੰ ਆਰਥਿਕ, ਸਮਾਜਿਕ, ਮਾਨਸਿਕ ਤੇ ਵਾਤਾਵਰਨ ਦੇ ਪੱਖ ਤੋਂ ਅਸਰਅੰਦਾਜ਼ ਕੀਤਾ। ਸਾਹਿਤ ਸਮੇਂ ਦੇ ਬਹੁ-ਪਰਤੀ ਸੱਚ ਨੂੰ ਕਲਾਤਮਕ ਰੂਪ ਵਿਚ ਪੇਸ਼ ਕਰਨ ਦੇ ਸਮਰੱਥ ਹੁੰਦਾ ਹੈ ਇਸ ਲਈ ਇਹ ਮਹੱਤਵਪੂਰਨ ਬਣਦਾ ਹੈ ਕਿ ਪੰਜਾਬੀ ਸਾਹਿਤ ਹਰੇ-ਇਨਕਲਾਬ ਨਾਲ ਪੰਜਾਬੀ ਸਥਾਨਿਕਤਾ ਦੀਆਂ ਤਬਦੀਲੀਆਂ ਨੂੰ ਕਿਵੇਂ ਵੇਖਦਾ ਹੈ। ਇਸੇ ਪ੍ਰਸੰਗ ਵਿਚ ਪੰਜਾਬੀ ਦੇ ਪ੍ਰਬੁੱਧ ਕਹਾਣੀਕਾਰ ਵਰਿਆਮ ਸਿੰਘ ਸੰਧੂ ਦੇ ਕਹਾਣੀ ਜਗਤ ਦਾ ਅਧਿਐਨ ਇਸ ਖੋਜ-ਪਰਚੇ ਵਿਚ ਕੀਤਾ ਗਿਆ ਹੈ। ਇਸ ਪਰਚੇ ਵਿਚ ਆਗਮਨ ਤੇ ਨਿਗਮਨ ਦੋਵਾਂ ਵਿਧੀਆਂ ਦੀਆਂ ਸੰਯੁਕਤ ਰੂਪ ਵਿਚ ਵਰਤੋਂ ਕੀਤੀ ਗਈ ਹੈ। ਇਸ ਪਰਚੇ ਵਿਚ ਪ੍ਰਾਪਤ ਸਿਧਾਂਤ ਰਾਹੀਂ ਵਿਸ਼ੇਸ਼ ਪਾਠ ਨੂੰ ਤੇ ਵਿਸ਼ੇਸ਼ ਪਾਠ ਰਾਹੀਂ ਸਿਧਾਂਤ ਨੂੰ ਵੇਖਿਆ ਗਿਆ ਹੈ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਹਰੇ ਇਨਕਲਾਬ ਦਾ ਜ਼ਿਕਰ ਮੁਖ ਵਿਸ਼ੇ ਦੇ ਨਾਲ ਸਹਿ-ਵਿਸ਼ੇ ਵਜੋਂ ਹੋਇਆ ਹੈ। ਹਰੇ ਇਨਕਲਾਬ ਦੇ ਹਾਂ-ਪੱਖੀ ਪ੍ਰਭਾਵ ਜਿਵੇਂ ਆਰਥਿਕ ਉਥਾਨ ਦਾ ਜ਼ਿਕਰ ਕਰਨ ਦੇ ਨਾਲ-ਨਾਲ ਕਹਾਣੀਆਂ ਇਸ ਨੂੰ ਬੇਪਰਦ ਕਰਦੀਆਂ ਇਸ ਦਾ ਕਰੂਰ ਸੱਚ ਵੀ ਪੰਜਾਬੀ ਪਾਠਕ ਦੇ ਸਾਹਮਣੇ ਪੇਸ਼ ਕਰਦੀਆਂ ਹਨ। ਇਹਨਾਂ ਕਹਾਣੀਆਂ ਵਿਚ ਹਰੇ ਇਨਕਲਾਬ ਦੇ ਆਉਣ ਨਾਲ ਖੇਤੀ ਦਾ ਸਰਮਾਏਦਾਰੀ ਦੇ ਅਧੀਨ ਆਉਣਾ, ਨਿਮਨ ਕਿਰਸਾਨੀ ਦਾ ਬੇਜ਼ਮੀਨੇ ਮਜ਼ਦੂਰ ਬਣਨਾ, ਪਸ਼ੂਆਂ-ਪੰਛੀਆਂ ਦਾ ਨੁਕਸਾਨ ਤੇ ਖਾਤਮਾ, ਮਨੁੱਖੀ ਮਨ ਤੇ ਰਿਸ਼ਤਿਆਂ ਦੀ ਟੁੱਟ ਭੱਜ ਨੂੰ ਪੇਸ਼ ਕੀਤਾ ਗਿਆ ਹੈ। ਵਰਿਆਮ ਸਿੰਘ ਸੰਧੂ ਨੇ ਸਰਕਾਰੀ ਨੀਤੀਆਂ ਅਤੇ ਮੀਡੀਆ ਦੀ ਮਿਲੀ-ਭੁਗਤ ਅਤੇ ਗੁਮਰਾਹਪੂਰਵਕ ਭੂਮਿਕਾ ਵੱਲ ਵੀ ਸੰਕੇਤ ਕੀਤਾ ਹੈ।

**ਕੀਵਰਡਸ (Keywords) :** ਵਰਿਆਮ ਸਿੰਘ ਸੰਧ, ਹਰਾ ਇਨਕਲਾਬ, ਪੰਜਾਬੀ ਕਹਾਣੀ, ਖੇਤੀ, ਪੰਜਾਬ।

ਹਰਾ ਇਨਕਲਾਬ ਵਿਸ਼ਵ ਪੱਧਰ ਉਤੇ ਵਿਗਿਆਨ ਤੇ ਤਕਨੀਕ ਦੀ ਜੁਗਤ ਨਾਲ ਖੇਤੀਬਾੜੀ ਵਿਚ ਆਈ ਅਜਿਹੀ ਤਬਦੀਲੀ ਹੈ ਜਿਸਨੇ ਫਸਲਾਂ ਦੇ ਉਤਪਾਦਨ ਵਿਚ ਕ੍ਰਾਂਤੀਜਨਕ ਵਾਧਾ ਕੀਤਾ। ਵਿਸ਼ਵ ਦੇ ਹੋਰ ਅਨੇਕ ਖੇਤਰਾਂ ਵਾਂਗ ਪੰਜਾਬ ਵਿਚ ਵੀ ਨਵੀਂ ਤਕਨੀਕ ਦਾ ਪ੍ਰਯੋਗ ਕਰਕੇ ਸਫਲਤਾ ਹਾਸਿਲ ਕੀਤੀ ਗਈ ਅਤੇ ਇਸਦੇ ਪ੍ਰਭਾਵ ਅਧੀਨ ਪੰਜਾਬ ਦੀ ਸਥਾਨਕਤਾ ਵਿਚ ਵੱਡੀਆਂ ਤਬਦੀਲੀਆਂ ਆਈਆਂ। ਪੰਜਾਬੀਅਤ ਦੀ ਰਹਿਨੁਮਾਈ ਕਰਦਾ ਪੰਜਾਬੀ ਸਾਹਿਤ ਹਰੇ ਇਨਕਲਾਬ ਤੋਂ ਪ੍ਰਭਾਵਿਤ ਪੰਜਾਬੀ ਸਮਾਜ ਦਾ ਚਿਤਰ ਕਈ ਪੱਖਾਂ ਤੋਂ ਪੇਸ਼ ਕਰਦਾ ਹੈ। ਹਰ ਸਾਹਿਤਕਾਰ ਆਪਣੇ ਹੀ ਦ੍ਰਿਸ਼ਟੀਕੋਣ ਤੋਂ ਇਸ ਵਰਤਾਰੇ ਨੂੰ ਪਰਖਦਾ, ਸਾਹਿਤ ਵਿਚ ਸਿਰਜਦਾ ਅਤੇ ਪਾਠਕ ਤੱਕ ਸੰਚਾਰਦਾ ਹੈ। ਇਸ ਖੋਜ ਪੱਤਰ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਉੱਸਰੇ ਪੰਜਾਬੀ ਸੰਸਾਰ ਵਿਚ ਹਰੇ ਇਨਕਲਾਬ ਨਾਲ ਆਈਆਂ ਤਬਦੀਲੀਆਂ ਦੇ ਚੱਕਰ ਨੂੰ ਵਾਚਿਆ ਗਿਆ ਹੈ। ਇਸ ਖੋਜ-ਪੱਤਰ ਵਿਚ ਅਧਾਰ-ਸਮੱਗਰੀ ਵਜੋਂ ਉਹਨਾਂ ਦੀ 2014 ਈ. ਤੱਕ ਦੀਆਂ ਕੁਲ ਕਹਾਣੀਆਂ ਦੀ ਪੁਸਤਕ 'ਤਿਲ਼-ਫੁੱਲ ਤੇ ਹੋਰ ਕਹਾਣੀਆਂ' ਨੂੰ ਚੁਣਿਆ ਗਿਆ ਹੈ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਨਿੱਕ-ਅਕਾਰੀ ਤੇ ਨਿਸਚਿਤ ਸਫਿਆਂ ਦੀ ਸੀਮਾ ਨੂੰ ਹੀ ਨਹੀਂ ਤੋੜਦੀਆਂ ਸਗੋਂ ਇਤਿਹਾਸ ਨੂੰ ਕਹਾਣੀ ਦਾ ਅੰਗ ਬਣਾਉਂਦੀਆਂ ਹਨ। ਇਸੇ ਲਈ ਇਹਨਾਂ ਕਹਾਣੀਆਂ ਵਿਚੋਂ ਪੰਜਾਬ ਦਾ ਹਰੇ ਇਨਕਲਾਬ ਤੋਂ ਪ੍ਰਭਾਵਿਤ ਸਮੇਂ ਦੀ ਪੇਸ਼ਕਾਰੀ ਵੀ ਹੁੰਦੀ ਹੈ, ਇਸ ਸਮੇਂ ਵਿਚੋਂ ਹਰੇ ਇਨਕਲਾਬ ਦੇ ਕਈ ਭਾਂਤ ਦੇ ਪ੍ਰਭਾਵ ਵੇਖੇ ਜਾ ਸਕਦੇ ਹਨ। ਇਸ ਪਰਚੇ ਨੂੰ ਦੋ ਹਿੱਸਿਆਂ ਵਿਚ ਵੰਡਿਆ ਗਿਆ ਹੈ, ਪਹਿਲਾਂ ਹਰੇ ਇਨਕਲਾਬ ਦੇ ਸਰੂਪ ਦੀ ਚਰਚਾ ਕੀਤੀ ਗਈ ਹੈ ਅਤੇ ਬਾਅਦ ਵਿਚ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚੋਂ ਇਸਦੇ ਸਰੂਪ ਤੇ ਅਕਸ ਦੀ ਪਛਾਣ ਕੀਤੀ ਗਈ ਹੈ।

## I

ਹਰਾ ਇਨਕਲਾਬ ਖੇਤੀਬਾੜੀ ਵਿਚ ਆਈ ਇਕ ਤਬਦੀਲੀ ਹੈ ਅਤੇ ਇਸ ਤਬਦੀਲੀ ਦੇ ਸਰੂਪ ਤੇ ਪ੍ਰਭਾਵ ਨੂੰ ਸਮਝਣ ਤੋਂ ਪਹਿਲਾਂ ਖੇਤੀਬਾੜੀ ਦੇ ਮਾਨਵੀ ਜੀਵਨ ਵਿਚ ਮਹੱਤਵ ਨੂੰ ਜਾਣਨਾ ਜ਼ਰੂਰੀ ਹੈ। ਮਨੁੱਖਤਾ ਦੀਆਂ ਪੈੜਾਂ ਪਛਾਣਦੇ ਜੇਕਰ ਬਰਟਰਡ ਰੱਸਲ ਦੇ ਹਵਾਲੇ ਨਾਲ ਗੱਲ ਕਰੀਏ ਤਾਂ ਸੰਦਾਂ ਦੀ ਘਾੜਤ, ਬੋਲੀ ਤੇ ਲਿੱਪੀ ਤੋਂ ਬਾਅਦ ਖੇਤੀਬਾੜੀ ਮਨੁੱਖ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ, ਜਿਸਨੇ ਮਨੁੱਖੀ ਜੀਵਨ ਅਤੇ ਸੱਭਿਆਚਾਰ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ। ਖੇਤੀਬਾੜੀ ਤੋਂ ਬਾਅਦ ਰੱਸਲ ਮਨੁੱਖ ਦੀ ਹੁਣ ਤੱਕ ਦੀ ਸਭ ਤੋਂ ਵੱਡੀ ਪ੍ਰਾਪਤੀ ਮਸ਼ੀਨ ਨੂੰ ਮੰਨਦਾ ਹੈ ਅਤੇ ਹਰਾ ਇਨਕਲਾਬ ਉਹ ਮੋੜ ਹੈ ਜਦੋਂ ਖੇਤੀਬਾੜੀ ਵਿਚ ਮਸ਼ੀਨ ਦੀ ਵਰਤੋਂ ਹੋਣ ਲੱਗਦੀ ਹੈ। ਇਸ ਲਿਹਾਜ਼ ਨਾਲ ਇਹ ਇਨਕਲਾਬ ਖਾਸਾ ਮਹੱਤਵ ਰੱਖਦਾ ਹੈ।

ਖੇਤੀਬਾੜੀ ਮਨੁੱਖੀ ਇਤਿਹਾਸ ਦਾ ਉਹ ਪੜਾਅ ਹੈ ਜਿਸ ਨੇ ਉਸ ਦੇ ਪੂਰੇ ਰਹਿਣ-ਸਹਿਣ ਦੇ ਤਰੀਕਿਆਂ ਨੂੰ ਬਦਲ ਦਿੱਤਾ। ਡੈਨਿਅਲ ਕੁਵਿਨ ਮਨੁੱਖੀ ਸੱਭਿਆਚਾਰ ਨੂੰ ਦੋ ਹਿੱਸਿਆਂ ਵਿਚ ਵੰਡਦਾ ਹੈ; ਇਕ ਉਹ ਸੱਭਿਆਚਾਰ ਜਿਸਦਾ ਪਿਛੋਕੜ 3,000,000 ਸਾਲ ਪੁਰਾਣਾ ਹੈ ਅਤੇ ਦੂਜਾ ਉਹ ਸੱਭਿਆਚਾਰ ਜੋ ਸਿਰਫ 10,000 ਸਾਲ ਪੁਰਾਣਾ ਹੈ। ਪਹਿਲੇ ਸੱਭਿਆਚਾਰ ਨੂੰ ਉਹ ਛੱਡਣ ਵਾਲਿਆਂ ਦਾ ਸੱਭਿਆਚਾਰ ( Leavers Culture) ਕਹਿੰਦਾ ਹੈ ਅਤੇ ਦੂਜੇ ਨੂੰ ਉਹ ਲੈਣ ਵਾਲਿਆਂ ਦਾ ਸੱਭਿਆਚਾਰ ( Takers culture) ਕਹਿੰਦਾ ਹੈ। ਡੈਨੀਅਲ ਕੁਵਿਨ ਅਨੁਸਾਰ ਛੱਡਣ ਵਾਲੇ (Leavers ) ਉਹ ਹਨ ਜੋ ਕੁਦਰਤੀ ਨਿਯਮਾਂ ਦੇ ਅਨੁਸਾਰ ਜਿਉਂਦੇ ਹਨ ਅਤੇ ਭੋਜਨ ਲਈ ਪੂਰੀ ਤਰ੍ਹਾਂ ਕੁਦਰਤੀ ਭੋਜਨ ਲੜੀ ਉੱਤੇ ਨਿਰਭਰ ਕਰਦੇ ਹਨ ਅਤੇ ਭੋਜਨ

ਦੇ ਆਪਣੇ ਸ਼ਰੀਕਾਂ ਨੂੰ ਖਤਮ ਨਹੀਂ ਕਰਦੇ। ਦੂਜੇ ਪਾਸੇ ਲੈਣ ਵਾਲੇ (Takers) ਉਹ ਹਨ ਜੋ ਆਪਣੀ ਜ਼ਿੰਦਗੀ ਖੁਦ ਬਣਾਉਣਾ ਚਾਹੁੰਦੇ ਹਨ ਅਤੇ ਭੋਜਨ ਦੇ ਆਪਣੇ ਸ਼ਰੀਕਾਂ ਨੂੰ ਖਤਮ ਕਰਦੇ ਹੋਏ ਆਪਣੇ ਲਈ ਭੋਜਨ ਖੁਦ ਉਗਾਉਂਦੇ ਹਨ। ਇਸ ਤਰ੍ਹਾਂ ਖੇਤੀਬਾੜੀ ਕਰਨ ਵਾਲਾ ਮਨੁੱਖੀ ਸੱਭਿਆਚਾਰ ਲੈਣ ਵਾਲਿਆਂ (Takers) ਦਾ ਸੱਭਿਆਚਾਰ ਹੈ। ਮਨੁੱਖ ਦਾ Takers ਦਾ ਸੱਭਿਆਚਾਰ ਅੱਜ ਤੋਂ ਲਗਪਗ 10000 ਵਰ੍ਹੇ ਪਹਿਲਾਂ ਸ਼ੁਰੂ ਹੁੰਦਾ ਹੈ ਜਦੋਂ ਬੰਦਾ ਖੇਤੀਬਾੜੀ ਕਰਨੀ ਸ਼ੁਰੂ ਕਰਦਾ ਹੈ। ਅੱਜ ਮਨੁੱਖ ਜਿਸ ਤਰ੍ਹਾਂ ਦਾ ਜੀਵਨ ਜੀਅ ਰਿਹਾ ਹੈ, ਉਸ ਵਿਚ ਖੇਤੀਬਾੜੀ ਨੇ ਇਕ ਕ੍ਰਾਂਤੀਕਾਰੀ ਭੂਮਿਕਾ ਨਿਭਾਈ ਹੈ। ਖੇਤੀ ਨੇ ਜਿੱਥੇ ਮਨੁੱਖ ਨੂੰ ਖੁਦ ਲਈ ਭੋਜਨ ਤਿਆਰ ਕਰਨ ਦੇ ਸਮਰੱਥ ਬਣਾਇਆ ਉੱਥੇ ਹਰੇ ਇਨਕਲਾਬ ਨੇ ਭੋਜਨ-ਪੈਦਾਵਾਰ ਵਿਚ ਹੈਰਾਨੀਜਨਕ ਵਾਧਾ ਕੀਤਾ। ਭਾਵੇਂ ਕਿ ਹਰੇ ਇਨਕਲਾਬ ਵੱਲੋਂ ਲਿਆਂਦੀਆਂ ਤਬਦੀਲੀਆਂ ਮਨੁੱਖੀ ਜ਼ਿੰਦਗੀ ਵਿਚ ਓਨਾ ਵੱਡਾ ਪ੍ਰਭਾਵ ਤਾਂ ਨਹੀਂ ਦਰਸਾਉਂਦੀਆਂ ਜਿੰਨਾ ਕਿ ਖੇਤੀ ਤੇ ਮਸ਼ੀਨ ਨੇ ਲਿਆਂਦਾ ਪਰ ਖੇਤੀ ਵਿਚ ਮਸ਼ੀਨ ਦੀ ਵਰਤੋਂ ਫਿਰ ਵੀ ਮਹੱਤਵਪੂਰਨ ਮੋੜ ਸਾਬਿਤ ਹੁੰਦੀ ਹੈ।

ਹਰਾ ਇਨਕਲਾਬ ਭਾਰਤ ਵਿਚ 1960ਵਿਆਂ ਦੇ ਮੱਧ ਵਿਚ ਆਇਆ। ਹਰੇ ਇਨਕਲਾਬ ਵਿਚ ਵੱਧ ਝਾੜ ਵਾਲੇ ਬੀਜਾਂ, ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਉਦਯੋਗਾਂ ਵਿਚ ਤਿਆਰ ਖਾਧ, ਕੀਟਨਾਸ਼ਕ, ਨਦੀਨਨਾਸ਼ਕ, ਸਿੰਜਾਈ ਦੇ ਨਵੇਂ ਸਾਧਨਾਂ ਅਤੇ ਨਵੇਂ ਸੰਦਾਂ ਜਿਵੇਂ ਟਰੈਕਟਰ, ਕੰਬਾਇਨਾਂ ਆਦਿ ਦੀ ਵਰਤੋਂ ਸ਼ਾਮਿਲ ਹੈ। ਕਈ ਵਿਦਵਾਨ ਹਰੇ ਇਨਕਲਾਬ ਨੂੰ ਦੋ ਪੜਾਵਾਂ ਵਿਚ ਵੰਡਦੇ ਹਨ; ਪਹਿਲੇ ਪੜਾਅ ਵਿਚ ਨਵੇਂ ਬੀਜਾਂ, ਖਾਧਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ ਤੇ ਨਿੱਜੀ ਟਿਊਬਵੈੱਲਾਂ ਦੀ ਵਰਤੋਂ ਨੂੰ ਸ਼ਾਮਿਲ ਕਰਦੇ ਹਨ; ਦੂਜੇ ਪੜਾਅ ਵਿਚ ਮਸ਼ੀਨੀ ਸੰਦਾਂ ਦੀ ਵਰਤੋਂ ਸ਼ੁਰੂ ਹੁੰਦੀ ਹੈ।

ਹਰੇ ਇਨਕਲਾਬ ਦੇ ਸਪੱਸ਼ਟ ਨਤੀਜੇ ਜੋ ਸਾਹਮਣੇ ਆਏ ਉਹ - ਰਵਾਇਤੀ ਬੀਜਾਂ ਨਾਲੋਂ ਨਵੇਂ ਬੀਜਾਂ ਨਾਲ ਦੁੱਗਣੀ-ਤਿੱਗਣੀ ਹੋਈ ਖੇਤੀ ਪੈਦਾਵਾਰ ਅਤੇ ਕਿਸਾਨਾਂ ਦੀ ਖੁਸ਼ਹਾਲੀ ਸੀ।
[1] ਹਰਾ ਇਨਕਲਾਬ ਜਿਸ ਸਮੇਂ ਪੰਜਾਬ ਵਿਚ ਆਉਂਦਾ ਹੈ ਉਸ ਸਮੇਂ ਭਾਰਤ ਨੂੰ ਅਨਾਜ ਦੀ ਜ਼ਰੂਰਤ ਸੀ। ਉਸ ਸਮੇਂ ਭਾਰਤ ਵਿਚ ਇਥੇ ਵੱਡੀ ਗਿਣਤੀ ਵਿਚ ਲੋਕ ਭੁੱਖ-ਮਰੀ ਦੇ ਸ਼ਿਕਾਰ ਸਨ ਅਤੇ ਭਾਰਤ ਨੂੰ ਅਨਾਜ ਲਈ ਹੋਰ ਦੇਸ਼ਾਂ ਉਤੇ ਨਿਰਭਰ ਹੋਣਾ ਪੈਂਦਾ ਸੀ। ਇਸੇ ਦੌਰ ਵਿਚ ਹਰੇ ਇਨਕਲਾਬ ਦੁਆਰਾ ਪੈਦਾ ਹੋਏ ਅਨਾਜ ਦੀ ਬਹੁਤਾਤ ਨੇ ਪੰਜਾਬ ਨੂੰ ਇਕ ਖਾਸ ਸਥਾਨ ਦਵਾਇਆ ਅਤੇ ਪੰਜਾਬੀਆਂ ਦੀ ਆਮਦਨ ਤੇ ਜੀਵਨ-ਸਤਰ ਉੱਚਾ ਹੋਣਾ ਸ਼ੁਰੂ ਹੋਇਆ ਪਰ ਡੂੰਘਾਈ ਵਿਚ ਦੇਖਿਆਂ ਇਸ ਵਰਤਾਰੇ ਦੇ ਕਈ ਪੱਖ ਨਜ਼ਰ ਆਉਂਦੇ ਹਨ। ਇਸਦਾ ਪ੍ਰਭਾਵ-ਖੇਤਰ ਜੇ ਇਕ ਪਾਸੇ ਆਰਥਿਕਤਾ ਹੈ ਤਾਂ ਦੂਜੇ ਪਾਸੇ ਸਮਾਜ ਤੇ ਕੁਦਰਤੀ ਚੌਗਿਰਦਾ ਵੀ ਹੈ। ਖੇਤੀ ਉੱਤੇ ਪ੍ਰਭਾਵ ਪੈਣ ਦੇ ਨਾਲ-ਨਾਲ ਹਰੇ ਇਨਕਲਾਬ ਦਾ ਸਿੱਖਿਆ ਅਤੇ ਰੁਜ਼ਗਾਰ ਦੇ ਵਿਕਾਸ ਉਤੇ ਵੀ ਅਸਰ ਪਿਆ। ਸਿੱਖਿਆ ਵਿਚ ਵਾਧਾ, ਰੁਜ਼ਗਾਰ ਦੇ ਨਵੇਂ ਮੌਕਿਆਂ ਨੇ ਸਮਾਜਿਕ ਰਿਸ਼ਤਿਆਂ ਵਿਚ ਵੀ ਤਬਦੀਲੀ ਲਿਆਂਦੀ। ਸਟੇਨਲੇ. ਏ. ਫਰੀਡ ਤੇ ਰੂਥ. ਐੱਸ. ਫਰੀਡ ਤਾਂ ਇੱਥੋਂ ਤੱਕ ਲਿਖਦੇ ਹਨ ਕਿ ਹਰੇ ਇਨਕਲਾਬ ਦੇ ਨਾਲ-ਨਾਲ ਸਮਾਜਿਕ ਇਨਕਲਾਬ ਵੀ ਆਇਆ ਜੋ ਉਂਨਾ ਹੀ ਹਰੇ ਇਨਕਲਾਬ ਲਈ ਮਹੱਤਵਪੂਰਨ ਹੈ ਜਿੰਨੀ ਕਿ ਵਧੀ ਹੋਈ ਖੇਤੀ ਪੈਦਾਵਾਰ।[2]

ਹਰੇ ਇਨਕਲਾਬ ਨੂੰ ਵੱਖੋ-ਵੱਖਰੀਆਂ ਦ੍ਰਿਸ਼ਟੀਆਂ ਤੋਂ ਵੇਖਿਆ ਗਿਆ। ਹਰੇ ਇਨਕਲਾਬ ਸਬੰਧੀ ਸਿਧਾਂਤ ਨਿਰਭਰਤਾ ਸਿਧਾਂਤ ( Dependency Theory), ਆਧੁਨਿਕੀਕਰਨ ਸਿਧਾਂਤ (Modernization Theory), ਸਟੈਂਡਰਡ ਸਿਧਾਂਤ ( Standard Theory) ਹਨ। ਨਿਰਭਰਤਾ ਸਿਧਾਂਤ ( Dependency Theory) ਵਿਕਾਸਸ਼ੀਲ ਦੇਸ਼ਾਂ ਦੇ ਆਰਥਿਕ ਅਧਿਐਨ ਨਾਲ ਸਬੰਧਿਤ ਸਿਧਾਂਤ ਹੈ ਜਿਸ ਦਾ ਮੰਨਣਾ ਹੈ ਕਿ ਸੰਸਾਰਕ ਪੂੰਜੀਵਾਦੀ ਪ੍ਰਬੰਧ ਕਿਸਾਨਾਂ ਨੂੰ ਲੁੱਟਦਾ ਅਤੇ ਗਰੀਬ ਬਣਾਉਂਦਾ ਹੈ। ਉਹਨਾਂ ਨੂੰ ਕਰਜ਼ੇ ਵਿਚ ਡੁੱਬ ਕੇ ਜ਼ਮੀਨਾ ਗਵਾਉਣੀਆਂ ਪੈਂਦੀਆਂ ਹਨ ਅਤੇ ਉਸ ਮਜ਼ਦੂਰ ਸ਼ਰੇਣੀ ਦਾ ਹਿੱਸਾ ਬਣ ਜਾਂਦੇ ਹਨ ਜਿਸ ਦਾ ਸ਼ੋਸ਼ਣ ਵੱਡੇ ਜਿਮੀਂਦਾਰ ਕਰਦੇ ਹਨ।[3] ਆਧੁਨਿਕੀਕਰਨ ਸਿਧਾਂਤ ਨਿਰਭਰਤਾ ਸਿਧਾਂਤ ਨਾਲੋਂ ਵਧੇਰੇ ਸਾਕਾਰਾਤਮਕ ਹੈ ਅਤੇ ਉਸਦਾ ਮੰਨਣਾ ਹੈ ਵਿਕਾਸਸ਼ੀਲ ਦੇਸ਼ ਪੱਛਮੀ ਆਰਥਿਕ ਤੇ ਰਾਜਨੀਤਕ ਪ੍ਰਬੰਧਨ ਦੀ ਨਕਲ ਕਰਦੇ ਹਨ ਉਹਨਾਂ ਵਾਂਗ ਵਿਕਸਿਤ ਬਣਨ ਲਈ।[4] ਸਟੈਂਡਰਡ ਸਿਧਾਂਤ ਕੁਝ ਹੱਦ ਤੱਕ ਨਿਰਭਰਤਾ ਸਿਧਾਂਤ ਨਾਲ ਮਿਲਦਾ ਜੁਲਦਾ ਹੈ। ਵਪਾਰੀਕਰਨ ਨਾਲ ਸਬੰਧਿਤ ਸਟੈਂਡਰਡ ਸਿਧਾਂਤ ਦੀਆਂ ਜੜ੍ਹਾਂ ਮਾਰਕਸ ਤੇ ਲੈਨਿਨ ਦੀ ਵਿਚਾਰਧਾਰਾ ਵਿਚ ਹਨ। ਇਸ ਸਿਧਾਂਤ ਨੇ ਹਰੇ ਇਨਕਲਾਬ ਲਿਆਉਣ ਲਈ ਸਰਕਾਰ ਦੀ ਵਿਰੋਧਤਾ ਕੀਤੀ। ਉਹਨਾਂ ਦਾ ਮੰਨਣਾ ਸਿ ਕਿ ਹਰੇ ਇਨਕਲਾਬ ਨਾਲ ਵੱਡੇ ਕਿਸਾਨ ਅਮੀਰ ਹੋਣਗੇ ਅਤੇ ਛੋਟੇ ਕਿਸਾਨ ਗਰੀਬ ਹੋ ਜਾਣਗੇ ਅਤੇ ਇਹ ਖੇਤੀਬਾੜੀ ਮਜ਼ਦੂਰਾਂ ਵਿਚ ਵੱਡੀ ਬੇਰੁਜ਼ਗਾਰੀ ਪੈਦਾ ਕਰੇਗੀ। [5] ਇਹਨਾਂ ਸਿਧਾਤਾਂ ਤੋਂ ਬਿਨਾਂ ਕੁਝ ਦੂਜੇ ਪਾਸੇ ਅਜਿਹੇ ਵਿਦਵਾਨ ਵੀ ਮਿਲਦੇ ਹਨ ਜਿਹਨਾਂ ਨੇ ਹਰੇ ਇਨਕਲਾਬ ਦੀ ਆਮਦ ਨੂੰ ਖੁਸ਼ਨੁਮਾ ਮੰਨਿਆ ਹੈ, ਜਿਵੇਂ ਲੀਫ ਲਿਖਦਾ ਹੈ ਕਿ ਹਰਾ ਇਨਕਲਾਬ ਅਮੀਰਾਂ ਅਤੇ ਗਰੀਬਾਂ ਦੋਵਾਂ ਲਈ ਹੀ ਫਾਇਦੇਮੰਦ ਸਾਬਿਤ ਹੋਇਆ ਹੈ।[6]

ਆਰਥਿਕਤਾ ਦੇ ਪੱਖ ਤੋਂ ਵੇਖੀਏ ਤਾਂ ਹਰੇ ਇਨਕਲਾਬ ਤੋਂ ਪਹਿਲਾਂ ਵੱਡੀ ਤਬਦੀਲੀ ਪੰਜਾਬ ਵਿਚ ਵਸਤਾਂ ਦੇ ਮੰਡੀਕਰਨ ਨਾਲ ਆਉਂਦੀ ਹੈ, ਜਿਥੇ ਵਸਤਾਂ ਦਾ ਮੁੱਲ ਮੁਦਰਾ ਵਿਚ ਪੈਣਾ ਸ਼ੁਰੂ ਹੁੰਦਾ ਹੈ। ਇਸ ਮੌਕੇ ਫਸਲ ਜਿਨਸ ਦਾ ਰੂਪ ਧਾਰਨ ਕਰ ਲੈਂਦੀ ਹੈ ਅਤੇ ਇਹੀ ਵਰਤਾਰਾ ਹਰਾ ਇਨਕਲਾਬ ਦੇ ਪਿਛੋਕੜ ਵਿਚ ਇਕ ਵੱਡੇ ਕਾਰਕ ਦੀ ਭੂਮਿਕਾ ਨਿਭਾਉਂਦਾ ਹੈ। ਇਸ ਮੌਕੇ ਕਿਸਾਨ ਫਸਲਾਂ ਨਿਰੋਲ ਪੈਸਾ ਕਮਾਉਣ ਤੇ ਮੁਨਾਫੇ ਲਈ ਲਾਉਣਾ ਸ਼ੁਰੂ ਕਰ ਦਿੰਦਾ ਹੈ। ਹਰੇ ਇਨਕਲਾਬ ਦੇ ਆਉਣ ਨਾਲ ਖੇਤੀਬਾੜੀ ਸਰਮਾਏਦਾਰੀ ਦੇ ਅਧੀਨ ਆ ਜਾਂਦੀ ਹੈ। ਸਰਮਾਏ ਦੀ ਵਰਤੋਂ ਨਾਲ ਫਸਲਾਂ ਦਾ ਉਤਪਾਦਨ ਵਧਣਾ ਲੱਗਦਾ ਹੈ ਅਤੇ ਫਿਰ ਮੁਨਾਫਾ ਵਧਦਾ ਹੈ। ਇਸੇ ਮੁਨਾਫੇ ਦੀ ਵਰਤੋਂ ਫਿਰ ਫਸਲਾਂ ਵਿਚ ਕੀਤੀ ਜਾਂਦੀ ਹੈ ਤੇ ਹੋਰ ਮੁਨਾਫਾ ਕਮਾਇਆ ਜਾਂਦਾ ਹੈ। ਇਸ ਦਾ ਆਰਥਿਕਤਾ ਉਤੇ ਵੱਡਾ ਪ੍ਰਭਾਵ ਇਹ ਪੈਂਦਾ ਹੈ ਕਿ ਗਰੀਬੀ ਤੇ ਅਮੀਰੀ ਵਾਲਾ ਪਾੜਾ ਵਧਣਾ ਸ਼ੁਰੂ ਹੋ ਜਾਂਦਾ ਹੈ। ਅਮੀਰ ਆਪਣੇ ਪੈਸੇ ਦੀ

---

[1] Stanley A. Freed, Ruth S. Freed, *Green Revolution: Agricultural and Social Change in a North Indian Village*, P. 20
[2] ibid, p.20.
[3] ibid, p 23.
[4] ibid, p 24
[5] ibid, p.24.
[6] ibid, p.26

ਬਦੌਲਤ ਮਸ਼ੀਨਾ, ਖਾਧਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਕਰਕੇ ਵਧੇਰੇ ਵਧੀਆ ਖੇਤੀ ਕਰਨ ਲੱਗਦਾ ਹੈ ਅਤੇ ਗਰੀਬ ਦੀ ਪਰੰਪਰਿਕ ਖੇਤੀ ਇਸ ਅੱਗੇ ਹੌਲੀ-ਹੌਲੀ ਦਮ ਤੋੜਨ ਲੱਗਦੀ ਹੈ। ਇਸ ਦੇ ਫਲਸਰੂਪ ਪੁਸ਼ਤੈਨੀ ਛੋਟੇ ਕਿਸਾਨ ਬੇਜ਼ਮੀਨੇ ਹੋਣ ਲੱਗਦੇ ਹਨ । ਪੰਜਾਬ ਦੇ ਇਕ ਵੱਡੇ ਵਰਗ ਦਾ ਬੇਜ਼ਮੀਨਾ ਹੋਣਾ ਹਰੇ ਇਨਕਲਾਬ ਵੱਲੋਂ ਪੰਜਾਬੀ ਸਥਾਨਕਤਾ ਉਤੇ ਮਾਰੀ ਇਕ ਗਹਿਰੀ ਸੱਟ ਹੈ। ਉਹਨਾਂ ਦੇ ਬੇਜ਼ਮੀਨੇ ਹੋਣ ਨਾਲ ਮਜ਼ਬੂਰਨ ਉਹਨਾਂ ਨੂੰ ਹੋਰ ਧੰਦੇ ਅਪਨਾਉਣੇ ਪੈਂਦੇ ਹਨ। ਇਸ ਤਰ੍ਹਾਂ ਜਾਤਾਂ ਨਾਲ ਜੁੜੇ ਰੁਜ਼ਗਾਰਾਂ ਦੀ ਪਰੰਪਰਾ ਵੀ ਟੁੱਟਦੀ ਹੈ।

ਹਰੇ ਇਨਕਲਾਬ ਨੇ ਵੱਡੀ ਪੱਧਰ ਉਤੇ ਅਨਾਜ ਪੈਦਾ ਕੀਤਾ, ਜਿਸ ਦੀ ਬਦੌਲਤ ਵਧੇਰੇ ਜਨਸੰਖਿਆ ਲਈ ਭੋਜਨ ਤਿਆਰ ਹੋ ਗਿਆ। ਮਨੁੱਖ ਦੀ ਵਧੀ ਹੋਈ ਜਨਸੰਖਿਆ ਵਿਚ ਹਰੇ ਇਨਕਲਾਬ ਨੇ ਵੀ ਯੋਗਦਾਨ ਪਾਇਆ। ਹਰੇ ਇਨਕਲਾਬ ਨਾਲ ਆਏ ਕੀਟਨਾਸ਼ਕਾਂ ਨੇ ਕਈ ਕਿਸਮ ਦੇ ਕੀੜੇ, ਪੰਛੀਆਂ ਨੂੰ ਖਤਮ ਕਰ ਕੇ ਕੁਦਰਤੀ ਭੋਜਨ ਲੜੀ ਵਿਚ ਵੀ ਭੰਨ-ਤੋੜ ਕੀਤੀ। ਕੀਟਨਾਸ਼ਕਾਂ, ਨਦੀਨਨਾਸ਼ਕਾਂ ਤੇ ਰਸਾਇਣਕ ਖਾਧਾਂ ਨੇ ਹਵਾ, ਪਾਣੀ, ਮਿੱਟੀ ਵੀ ਪ੍ਰਦੂਸ਼ਿਤ ਕਰ ਦਿੱਤੇ ਜਿਸ ਕਾਰਨ ਕਈ ਕਿਸਮ ਦੀਆਂ ਬਿਮਾਰੀਆਂ ਦਾ ਸ਼ਿਕਾਰ ਮਨੁੱਖ ਹੋਣਾ ਸ਼ੁਰੂ ਹੋ ਗਿਆ। ਹਰਾ ਇਨਕਲਾਬ ਹਰਾ ਹੋਣ ਦੇ ਬਾਵਜੂਦ ਵੀ ਸਰਵਪੱਖੀ ਹਰਿਆਲੀ ਲਿਆਉਣ ਵਿਚ ਸਫਲ ਨਾ ਹੋ ਸਕਿਆ। ਇਸੇ ਲਈ ਅੱਜ 21ਵੀਂ ਸਦੀ ਵਿਚ ਵੀ ਥੌਮਸ. ਐੱਲ. ਫਰਾਇਡਮੈਨ ( Thomas L. Friedman) ਨੂੰ ' Hot, Flat, and Crowded: Why we need a Green Revolution and How It can Renew America' ਵਿਸ਼ੇ ਉਤੇ ਕਿਤਾਬ ਲਿਖਣੀ ਪੈ ਰਹੀ ਹੈ। ਉਹ ਅਮਰੀਕਾ ਦੇ ਹਵਾਲੇ ਨਾਲ ਲਿਖਦਾ ਹੈ ਕਿ ਸੰਸਾਰ ਦੀ ਇਕ ਸਮੱਸਿਆ ਹੈ ਅਤੇ ਅਮਰੀਕਾ ਦੀ ਵੀ ਇਹੀ ਸਮੱਸਿਆ ਹੈ ਕਿ ਇਹ ਦਿਨੋ-ਦਿਨ ਗਰਮ ਹੋ ਰਿਹਾ ਹੈ, ਪੱਧਰਾਂ ਹੋ ਰਿਹਾ ਹੈ ਅਤੇ ਭੀੜਾ ਹੋ ਰਿਹਾ ਹੈ। ਇਸ ਲਈ ਇਸ ਨਾਜ਼ੁਕ ਮੋੜ ਉਤੇ ਉਹ ਹਰੇ ਇਨਕਲਾਬ ਦੀ ਜ਼ਰੂਰਤ ਮਹਿਸੂਸ ਕਰਦਾ ਹੈ।[7] ਉਸ ਲਈ ਹਰਾ ਇਨਕਲਾਬ ਹੁਣ ਪਹਿਲਾਂ ਵਾਲੀ ਤਕਨੀਕੀ ਵਰਤੋਂ ਨਾਲ ਵਧਾਈ ਖੇਤੀ ਪੈਦਾਵਾਰ ਨਹੀਂ ਹੈ ਸਗੋਂ ਵਾਤਾਵਰਨ ਨੂੰ ਬਚਾਉਣ ਵਾਲਾ, ਕੁਦਰਤੀ ਉਰਜਾ ਦਾ ਸਮਤੋਲ ਸਿਰਜਨ ਵਾਲਾ ਇਨਕਲਾਬ ਹੈ।

ਅੱਜ ਦੇ ਸਮੇਂ ਵਿਚ ਖੇਤੀ ਦੇ ਉਦਯੋਗਿਕ ਮਾਡਲ ਦੇ ਨਤੀਜੇ ਹੋਰ ਵੀ ਭਿਆਨਕ ਨਿਕਲ ਰਹੇ ਹਨ। ਅੱਜ 2020 ਵਿਚ ਕੋਵਿਡ-19 ਵਰਗੀ ਜਿਸ ਬਿਮਾਰੀ ਨਾਲ ਮਨੁੱਖਤਾ ਜੂਝ ਰਹੀ ਹੈ ਉਸਦੀ ਪੈਦਾਇਸ਼ ਵੀ ਕੋਈ ਮੌਕਾ-ਮੇਲ ਜਾਂ ਅਚਾਨਕ ਵਾਪਰੀ ਘਟਨਾ ਨਹੀਂ ਹੈ ਬਲਕਿ ਇਸ ਦੇ ਪਿਛੋਕੜ ਵਿਚ ਜਿਹੜੇ ਕਾਰਕ ਕੰਮ ਕਰ ਰਹੇ ਹਨ ਉਹਨਾਂ ਵਿਚੋਂ ਇਕ ਕਾਰਨ ਖੇਤੀ ਦਾ ਹਰੇ ਇਨਕਲਾਬ ਵਾਲਾ ਮਾਡਲ ਵੀ ਹੈ। ਪ੍ਰਸਿੱਧ ਜੀਵ-ਵਿਗਿਆਨ ਰੌਬ ਵੈਲਿਸ ਦਾ ਕਹਿਣਾ ਹੈ ਕਿ ਜੇਕਰ ਅਸੀਂ ਇਹ ਜਾਣਨਾ ਚਾਹੁੰਦੇ ਹਾਂ ਕਿ ਕਿਉਂ ਵਾਇਰਸ ਇੰਨੇ ਖਤਰਨਾਕ ਹੋ ਰਹੇ ਹਨ ਤਾਂ ਸਾਨੂੰ ਖੇਤੀਬਾੜੀ ਦੇ ਉਦਯੋਗਿਕ ਮਾਡਲ ਨੂੰ ਜਾਚਣਾ ਪਵੇਗਾ।[8]

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਹਰੇ ਇਨਕਲਾਬ ਨੇ ਜਿੱਥੇ ਪੰਜਾਬੀ ਆਰਥਿਕਤਾ ਨੂੰ ਹੁਲਾਰਾ ਦੇ ਕੇ ਲੋਕਾਂ ਦੇ ਜੀਵਨ-ਪੱਧਰ ਨੂੰ ਉੱਚਾ ਕੀਤਾ ਹੈ ਉੱਥੇ ਪੰਜਾਬੀਆਂ ਨੂੰ ਹੀ ਨਹੀਂ ਸਗੋਂ ਮਨੁੱਖਤਾ ਨੂੰ ਹੀ ਕਈ ਸਮੱਸਿਆਵਾਂ ਦੇ ਸਾਹਮਣਾ ਵੀ ਲਿਆ ਖੜਾਇਆ ਹੈ।

**II**

ਵਰਿਆਮ ਸਿੰਘ ਸੰਧੂ ਪੰਜਾਬੀ ਕਹਾਣੀਕਾਰਾਂ ਵਿਚ ਇਕ ਵੱਡਾ ਨਾਮ ਹੈ। ਡਾ. ਬਲਦੇਵ ਸਿੰਘ ਧਾਲੀਵਾਲ ਉਹਨਾਂ ਦਾ ਪੰਜਾਬੀ ਕਹਾਣੀਕਾਰਾਂ ਵਿਚ ਸਥਾਨ ਨਿਸ਼ਚਿਤ ਕਰਦੇ ਲਿਖਦੇ ਹਨ ਕਿ 'ਵਰਿਆਮ ਸਿੰਘ ਸੰਧੂ ਦੀ ਕਹਾਣੀ ਜਦੋਂ ਉਸ ਦੇ ਪੂਰਵਕਾਲੀ ਕਹਾਣੀਕਾਰਾਂ ਦੀ ਰਚਨਾ-ਦ੍ਰਿਸ਼ਟੀ ਦੇ ਪ੍ਰਸੰਗ ਵਿਚ ਵੇਖਦੇ ਹਾਂ ਤਾਂ ਭਲੀ ਭਾਂਤ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਉਸ ਨਾਲ ਪੰਜਾਬ ਕਹਾਣੀ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਸ਼ੁਰੂ ਹੁੰਦਾ ਹੈ।'[9]

ਵਰਿਆਮ ਸਿੰਘ ਸੰਧੂ ਵਿਗਠਿਤ ਹੋ ਰਹੇ ਪੰਜਾਬੀ ਸਮਾਜ ਦੀ ਤਸਵੀਰ ਕਹਾਣੀਆਂ ਵਿਚ ਪੇਸ਼ ਕਰਦਾ ਹੈ। ਇਸ ਸਮਾਜ ਵਿਚ ਖੇਤੀ ਸੰਕਟ ਵੱਡੀ ਸਮੱਸਿਆ ਵਜੋਂ ਉੱਭਰਦੀ ਹੈ। ਖੇਤੀ ਸੰਕਟ ਨਾਲ ਜੁੜੀਆਂ ਉਸਦੀਆਂ ਕਹਾਣੀਆਂ ਵਿਚ ਹਰੇ ਇਨਕਲਾਬ ਦਾ ਜ਼ਿਕਰ ਵੀ ਸਹਿਵਨ ਹੁੰਦਾ ਹੈ। ਉਸਦੀਆਂ ਕਹਾਣੀਆਂ ਹਰੇ ਇਨਕਲਾਬ ਦੀਆਂ ਜੜ੍ਹਾਂ ਤੋਂ ਲੈ ਕੇ ਪੱਤਿਆਂ ਤੱਕ ਦਾ ਵੇਰਵਾ ਸੰਕੇਤਕ ਰੂਪ ਵਿਚ ਦੇ ਦਿੰਦੀਆਂ ਹਨ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਹਰੇ ਇਨਕਲਾਬ ਦੇ ਆਉਣ ਨਾਲ ਖੇਤੀ ਦਾ ਪੂਰੀ ਤਰ੍ਹਾਂ ਪੂੰਜੀਵਾਦੀ ਪ੍ਰਬੰਧ ਦਾ ਹਿੱਸਾ ਬਣ ਜਾਣ ਦਾ ਜ਼ਿਕਰ ਹੁੰਦਾ ਹੈ। ਉਹਨਾਂ ਦੀਆਂ ਕਹਾਣੀਆਂ ਵਿਚ ਅਮੀਰ ਦੇ ਹੋਰ ਅਮੀਰ ਹੋਣ ਅਤੇ ਛੋਟੇ ਕਿਸਾਨਾਂ ਦੇ ਮਜ਼ਦੂਰ ਬਣਨ ਦਾ ਬਿਰਤਾਂਤ ਪੇਸ਼ ਹੋਇਆ ਹੈ। ਇਸ ਸੰਦਰਭ ਵਿਚ ਵਰਿਆਮ ਸਿੰਘ ਸੰਧੂ ਦੀ ਕਹਾਣੀ ਡੁੰਮ ਵੇਖੀ ਜਾ ਸਕਦੀ ਹੈ। ਡੁੰਮ ਦਲਦਲ ਹੈ; ਹਰੇ ਇਨਕਲਾਬ ਦੀ ਪੈਦਾ ਕੀਤੀ ਦਲਦਲ ਜਿਸ ਵਿਚੋਂ ਨਿਕਲਣਾ ਗਰੀਬ ਕਿਸਾਨਾਂ ਲਈ ਅਸੰਭਵ ਹੋ ਜਾਂਦਾ ਹੈ। ਇਹ ਕਹਾਣੀ ਨਿਮਨ ਕਿਰਸਾਨੀ ਜੋ ਬੇ-ਜ਼ਮੀਨੇ ਹੋ ਕੇ ਹੋਰਾਂ ਦੀ ਜ਼ਮੀਨਾਂ ਦੇ ਮਜ਼ਦੂਰ ਬਣਨ ਦੀ ਤ੍ਰਾਸਦੀ ਹੈ। ਇਹ ਕਹਾਣੀ ਤੇਜੂ ਦੀ ਹੈ ਜਿਸਨੂੰ ਗਰੀਬੀ ਨੇ ਜੱਟ ਤੋਂ ਕੰਮੀ ਬਣਾ ਦਿੱਤਾ ਸੀ। ਗਰੀਬੀ ਨੇ ਉਸ ਦੀ ਸਾਰੀ ਜਮੀਨ ਵਿਕਵਾ ਦਿੱਤੀ ਅਤੇ ਉਹਦੇ ਪੁੱਤਰ ਤਾਰੇ ਨੂੰ ਸ਼ਰੀਕਾਂ ਨਾਲ ਹਿੱਸੇ ਉਤੇ ਕੰਮ ਕਰਨ ਲਈ ਮਜ਼ਬੂਰ ਕਰ ਦਿੱਤਾ ਸੀ।[10] ਇਹ ਕਹਾਣੀ ਖੇਤੀ ਵਿਚ ਵਧਦੀ ਸਰਮਾਏਦਾਰੀ ਨਾਲ ਗਰੀਬ ਕਿਸਾਨਾਂ ਦੇ ਹੋਰ ਹਾਸ਼ੀਏ ਉਤੇ ਧੱਕੇ ਜਾਣ ਦਾ ਪ੍ਰਸੰਗ ਪੇਸ਼ ਕਰਦੀ ਹੈ। ਕਹਾਣੀਕਾਰ ਤੇਜੂ ਦੇ ਦੁੱਖ ਦੀ ਅੰਤਰੀਵੀਂ ਸੁਰ ਨੂੰ ਉਸੇ ਦੇ ਹੀ ਸੰਵਾਦ ਵਿਚ ਬਿਆਨ ਕਰਵਾਉਂਦਾ ਹੈ; "ਘਾਣੀ ਗੇੜ ਤੇ ਸਿਲਸਿਲਾ ਆਹ ਈ... ਵਾਹੀਆਂ ਵੀ ਪੈਸੇ ਦੀਆਂ...।"[11]

---

[7] Thomas L. Friedman, *Hot, Flat, and Crowded: Why we need a Green Revolution and How It can Renew America,* Farrar, Strauss and Giroux, New York, p. 05.

[8] Rob Wallace, Unevenearth.org/2020/03/where-did-coronavirus-come-from-and-where-will-it-take-us-an-interview-with-rob-wallace-author-of-big-farms-make-big-flu/, accessed on 15. 04.2020.

[9] ਡਾ. ਬਲਦੇਵ ਸਿੰਘ ਧਾਲੀਵਾਲ, *ਵਰਿਆਮ ਸਿੰਘ ਸੰਧੂ ਦੀ ਕਹਾਣੀ: ਸਰੂਪ ਅਤੇ ਵਿਵੇਕ,* ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 129.

[10] ਵਰਿਆਮ ਸਿੰਘ ਸੰਧੂ, *ਤਿਲ-ਫੁੱਲ ਤੇ ਹੋਰ ਕਹਾਣੀਆਂ,* ਸੰਗਮ ਪਬਲੀਕੇਸ਼ਨ, ਸਮਾਣਾ, 2014, ਪੰਨਾ 458.

[11] ਉਹੀ, ਪੰਨਾ 465.

**Shikshan Sanshodhan : Journal of Arts, Humanities and Social Sciences** ISSN: 2581-6241 Volume - 3, Issue - 6, Nov-Dec – 2020
Bi-Monthly, Peer-Reviewed, Refereed, Indexed Journal Impact Factor: 3.589
Received on : 10/12/2020 Accepted on : 25/12/2020 Publication Date: 31/12/2020

ਕਹਾਣੀ ਦੇ ਅੰਤ ਵਿਚ ਅਮੀਰੀ ਅੱਗੇ ਤੇਜੂ ਦੀਆਂ ਸਾਰੀਆਂ 'ਅਕਲ ਦੀਆਂ ਕਾਪੀਆਂ' ਇਸ ਦਲਦਲ ਅੱਗੇ ਫੇਲ ਹੋ ਜਾਂਦੀਆਂ ਹਨ ਅਤੇ ਤੇਜੂ ਇਸ ਦਲਦਲ ਵਿਚੋਂ ਨਿਕਲਣ ਲਈ ਸੰਘਰਸ਼ ਕਰਦਾ-ਕਰਦਾ ਖਤਮ ਹੋ ਜਾਂਦਾ ਹੈ। ਇਸ ਤਰ੍ਹਾਂ ਤੇਜੂ ਇਸ ਕਹਾਣੀ ਵਿਚ ਹਰੇ ਇਨਕਲਾਬ ਦੁਆਰਾ ਕੀਤੇ ਬੇਜ਼ਮੀਨੇ ਕਿਸਾਨਾਂ ਦੀ ਪ੍ਰਤੀਨਿਧਤਾ ਕਰਦਾ ਹੈ। ਇਹ ਉਹਨਾਂ ਕਿਸਾਨਾਂ ਦੇ ਉਸ ਵੱਡੇ ਵਰਗ ਦੀ ਪ੍ਰਤੀਨਿਧਤਾ ਕਰਦਾ ਹੈ, ਜਿਹਨਾਂ ਦੀ ਸਵੈ-ਨਿਰਭਰਤਾ ਨੂੰ ਤੋੜ ਕੇ ਹਰੇ ਇਨਕਲਾਬ ਨੇ ਉਹਨਾਂ ਨੂੰ ਕਿਸੇ ਹੋਰ ਦੇ ਅਧੀਨ ਕੰਮ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ। ਇਹ ਮਜ਼ਬੂਰੀ ਉਹਨਾਂ ਨੂੰ ਉਸ ਵਰਗ ਦਾ ਹਿੱਸਾ ਬਣਾ ਦਿੰਦੀ ਹੈ, ਜਿਹਨਾਂ ਨੂੰ ਕਿਰਤ ਦੇ ਲੁੱਟੇ ਜਾਣ ਦਾ ਦੁਖ ਭੋਗਣਾ ਪੈਂਦਾ ਹੈ।

ਲੇਖਕ 'ਗੁਰਮੁਖ ਸਿੰਘ' ਕਹਾਣੀ ਰਾਹੀਂ ਹਰੇ ਇਨਕਲਾਬ ਦੀ ਲਾਭ-ਸੀਮਾ ਦਾ ਸਿਰਫ ਅਮੀਰ ਜਿਮੀਦਾਰਾਂ ਤੱਕ ਸੀਮਤ ਹੋਣ ਦਾ ਵਿਚਾਰ ਪੇਸ਼ ਕਰਦਾ ਹੈ। ਗਰੀਬਾਂ ਦੀ ਹਾਲਤ ਇਹਨਾਂ ਇਨਕਲਾਬਾਂ ਨਾਲ ਸੁਧਰਦੀ ਨਹੀਂ ਸਗੋਂ ਵਿਗੜਦੀ ਵੀ ਹੈ। 'ਗੁਰਮੁਖ ਸਿੰਘ' ਕਹਾਣੀ ਵਿਚ ਪੇਸ਼ ਕਰਦਾ ਹੈ ਕਿ ਹਰੇ ਇਨਕਲਾਬ ਨਾਲ ਅਮੀਰਾਂ ਦੀ ਸ਼ਕਤੀ ਵਧਦੀ ਹੈ ਅਤੇ ਉਹ ਵੱਧ ਜ਼ਮੀਨਾਂ ਉਤੇ ਕਬਜ਼ਾ ਕਰਦੇ ਵਧੇਰੇ ਖੇਤਰ ਵਿਚ ਖੇਤੀ ਕਰਨ ਦੀ ਸੰਭਾਵਨਾ ਰੱਖਦੇ ਹਨ। ਪਹਿਲਾਂ ਉਹਨਾਂ ਕੋਲ ਵੱਡੇ ਖੇਤਰ ਵਿਚ ਖੇਤੀ ਆਪ ਕਰਨ ਦੀ ਸੁਵਿਧਾ ਨਹੀਂ ਸੀ ਪਰ ਮਸ਼ੀਨਰੀ ਦੇ ਆਉਣ ਨਾਲ ਇਹ ਸੰਭਾਵਨਾ ਬਣ ਗਈ । ਇਸ ਲਈ ਹੁਣ ਉਹਨਾਂ ਨੂੰ ਜਮੀਨ ਹੋਰਾਂ ਨੂੰ ਦੇਣ ਦੀ ਲੋੜ ਨਹੀਂ ਪੈਂਦੀ ਸੀ। ਇਸ ਤੋਂ ਬਿਨਾਂ ਆਪਣੇ ਪੈਸੇ ਤੇ ਜ਼ੋਰ ਨਾਲ ਉਹ ਚੰਗੀਆਂ ਜ਼ਮੀਨਾਂ ਹੋਣ ਦੇ ਬਾਵਜੂਦ ਸ਼ਾਮਲਾਟ ਉਤੇ ਵੀ ਕਬਜ਼ਾ ਕਰ ਲੈਂਦੇ ਹਨ। 'ਗੁਰਮੁਖ ਸਿੰਘ' ਕਹਾਣੀ ਵਿਚ ਇਸ ਇਨਕਲਾਬ ਦੇ ਇਹੋ-ਜਿਹੇ ਨਤੀਜਿਆਂ ਕਾਰਨ ਸਰਕਾਰ ਪ੍ਰਤੀ ਰੋਸ ਅਤੇ ਇਸ ਰੋਸ ਨੂੰ ਨਿੱਜੀ ਹਿੱਤਾਂ ਕਾਰਣ ਚਾਹੁੰਦਿਆਂ ਹੋਇਆਂ ਵੀ ਦਬਾਅ ਦੇਣ ਵਾਲੇ ਕਮਜ਼ੋਰ ਮਨ ਦੀ ਹਾਲਤ ਪੇਸ਼ ਕੀਤੀ ਗਈ ਹੈ।

ਧਰਾਤਲ ਉਤੇ ਵੱਡੀ ਗਿਣਤੀ ਵਿਚ ਲੋਕ ਇਸ ਕਥਿਤ ਇਨਕਲਾਬ ਦੀ ਮਾਰ ਝੱਲਦੇ ਹਨ ਪਰ ਸਰਕਾਰ ਵੱਲੋਂ ਇਸ ਨੂੰ ਮੀਡੀਆ ਦੀ ਸਹਾਇਤਾ ਨਾਲ ਸਲਾਹਿਆ ਜਾਂਦਾ ਹੈ ਤਾਂ ਜੋ ਉਹਨਾਂ ਦੇ ਰੋਸ ਨੂੰ ਦਬਾ ਕੇ ਉਹ ਆਪਣੀਆਂ ਨੀਤੀਆਂ ਵਿਚ ਸਫਲ ਹੋ ਸਕੇ । ਸਰਕਾਰੀ ਨੀਤੀਆਂ ਦੇ ਲੋਕ-ਵਿਰੋਧੀ ਰੁਝਾਨ ਨੂੰ ਵੀ ਕਹਾਣੀਕਾਰ ਜ਼ਾਹਿਰ ਕਰਦਾ ਹੈ। ਸੱਤਾ ਤੇ ਸਥਾਪਤੀ ਦੇ ਹੱਕ ਵਿਚ ਭੁਗਤਦੇ ਹਰੇ ਇਨਕਲਾਬ ਦੀ ਤਸਵੀਰ ਨਿਮਨ ਵਰਗ ਦੇ ਦਮਨ ਦੇ ਇਨਕਲਾਬ ਵਜੋਂ ਵੀ ਕੁਝ ਕਹਾਣੀਆਂ ਵਿਚੋਂ ਉੱਭਰਦੀ ਹੈ। ਮੀਡੀਆ ਵਿਚ ਹਰੇ ਇਨਕਲਾਬ ਦੇ ਗਾਏ ਜਾਂਦੇ ਸੋਹਲੇ ਤੇ ਜਮੀਨੀ ਹਕੀਕਤ ਦੀ ਤੁਲਨਾ ਦਾ ਦ੍ਰਿਸ਼ ਕਹਾਣੀਕਾਰ ਕਲਾਤਮਕ ਤਰੀਕੇ ਨਾਲ ਚਿਤਰਦਾ ਹੈ। ਕਹਾਣੀਕਾਰ ਮੀਡੀਆ ਦੀ ਭੂਮਿਕਾ ਉੱਤੇ ਵੀ ਵਿਅੰਗ ਕੱਸਦਾ ਹੈ; "ਚੀਨੀਆਂ ਦੇ ਚੁਬਾਰੇ 'ਚ ਵੱਜਦਾ ਰੇਡੀਓ ਹਰੇ ਇਨਕਲਾਬ ਦੇ ਗੀਤ ਗਾਉਣ ਪਿੱਛੋਂ ਮਹਿਬੂਬ ਦੀਆਂ ਜ਼ੁਲਫਾਂ ਸਵਾਰਨ ਵਿਚ ਰੁਝ ਗਿਆ ਹੈ।"[12]

ਹਰਾ ਇਨਕਲਾਬ ਅਸਲ ਵਿਚ ਇਨਕਲਾਬ ਨਹੀਂ ਸਗੋਂ ਇਨਕਲਾਬ ਨੂੰ ਦਬਾਉਣ ਲਈ ਵਰਤੀ ਗਈ ਇਕ ਜੁਗਤ ਹੈ। ਹਰੇ ਇਨਕਲਾਬ ਨੂੰ ਇਨਕਲਾਬ ਦਾ ਨਾਂ ਦੇਣਾ ਵੀ ਇਕ ਸੋਚੀ-ਸਮਝੀ ਜੁਗਤ ਹੈ। ਸ਼ਬਦ ਮਨੁੱਖੀ ਮਨ ਦੇ ਰਾਹ-ਦਸੇਰੇ ਹਨ। ਸ਼ਬਦਾਂ ਦੀ ਸੋਚੀ-ਸਮਝੀ ਸਾਜ਼ਿਸ਼ ਅਧੀਨ ਵਰਤੋਂ ਨਾਲ ਵਰਗਾਂ ਨੂੰ ਆਪਣੇ ਅਧੀਨ ਰੱਖਣ ਦੀ ਜੁਗਤ ਸਦੀਆਂ ਤੋਂ ਵਰਤੀ ਜਾ ਰਹੀ ਹੈ। ਖੇਤੀ ਵਿਚ ਪੈਦਾਵਾਰੀ ਵਾਧੇ ਦੇ ਰੁਝਾਨ ਨੂੰ ਇਨਕਲਾਬ ਕਿਹਾ ਗਿਆ – ਹਰਾ ਇਨਕਲਾਬ। ਇਸ ਸ਼ਬਦ ਨੇ ਬੰਦਿਆਂ ਨੂੰ ਉਸ ਇਨਕਲਾਬ ਦੇ ਖੁਆਬ ਤੋਂ ਦੂਰ ਕਰ ਦਿੱਤਾ ਜਿਸ ਦੀ ਮੰਗ ਅੰਗਰੇਜ਼ਾਂ ਦੀ ਗੁਲਾਮੀ ਦੇ ਸਮੇਂ ਤੋਂ ਕੀਤੀ ਜਾ ਰਹੀ ਸੀ। 'ਇਨਕਲਾਬ ਜ਼ਿੰਦਾਬਾਦ' ਦੇ ਨਾਅਰਿਆਂ ਦੇ ਜਵਾਬ ਵਜੋਂ ਸੱਤਾ ਨੇ ਲੋਕਾਈ ਨੂੰ ਹਰਾ ਇਨਕਲਾਬ ਦੇ ਦਿੱਤਾ।

ਬੀਜਾਂ, ਖਾਧਾਂ, ਦਵਾਈਆਂ, ਆਰਥਿਕ ਮਦਦ ਨੂੰ ਖੇਤੀ ਲਈ ਅਤਿ ਜ਼ਰੂਰੀ ਬਣਾ ਕੇ ਇਹਨਾਂ ਦਾ ਅਖਤਿਆਰ ਆਪਣੇ ਹੱਥ ਵਿਚ ਰੱਖ ਕੇ ਸੱਤਾ ਨੇ ਲੋਕਾਂ ਨੂੰ ਆਪਣੇ ਅਧੀਨ ਰੱਖਣ ਦੀ ਸਾਜ਼ਿਸ਼ ਵਜੋਂ ਵੀ ਵਰਤਿਆ ਗਿਆ। ਇਸ ਇਨਕਲਾਬ ਨੇ ਕਿਸਾਨਾਂ ਦੀ ਫਸਲ ਪੈਦਾ ਕਰਨ ਦੀ ਸਵੈ-ਨਿਰਭਰਤਾ ਨੂੰ ਤੋੜਿਆ। ਇਸਨੇ ਮੰਡੀ ਤੇ ਕਾਰਪੋਰੇਟ ਨਾਲ ਜੁੜੀਆਂ ਵਸਤਾਂ ਨੂੰ ਕਿਸਾਨਾਂ ਦੀ ਜ਼ਰੂਰਤ ਬਣਾ ਦਿੱਤਾ। ਆਮ ਲੋਕ ਆਪਣੀ ਸੁਵਿਧਾ ਤੇ ਇਸ ਜ਼ਰੂਰਤ-ਪੂਰਤੀ ਲਈ ਕੋਈ ਵੀ ਵਧੀਕੀ ਸਹਿਣ ਲਈ ਤਿਆਰ ਹੋ ਗਏ। ਲੋਕਾਂ ਨੂੰ ਇਸ ਜ਼ਰੂਰਤ ਵਿਚ ਰੁਕਾਵਟ ਬਣੇ ਹੱਲ ਦੇ ਰਾਹ ਚੱਲਣ ਵਾਲੇ ਬੰਦਿਆਂ ਨੂੰ ਵੀ ਆਪਣਾ ਦੁਸ਼ਮਨ ਮੰਨਣ ਲੱਗ ਪਏ। ਇਸਦਾ ਜ਼ਿਕਰ ਵਰਿਆਮ ਸਿੰਘ ਸੰਧੂ ਨੇ ਆਪਣੇ ਇਕ ਪਾਤਰ ਕਾਮਰੇਡ ਦੇ ਕਥਨ ਰਾਹੀਂ 'ਡੁੱਬਦਾ ਚੜ੍ਹਦਾ' ਕਹਾਣੀ ਵਿਚ ਕੀਤਾ ਹੈ;

> " ਵੇਖੋ ਜੀ ਇਹੀ ਜਿਹੜੀ ਮੁੰਡਿਆਂ ਖਾਦ ਫੜੀ ਐ ਸੱਤ ਸੌ ਬੋਰੀ ਬਲੈਕ...ਚਲੋ ਭਾਵੇਂ ਜ਼ੋਰ ਨਾਲ ਇਨ੍ਹਾਂ ਉਹ ਕੰਟਰੋਲ ਰੇਟ ਤੇ ਵਿਕਵਾ ਈ ਲਈ ਸਹੀ... ਪਰ ਅਗਲੇ ਖਾਦ ਹੁਣ ਉਂ ਈ ਨਹੀਂ ਉਂ ਦਿੰਦੇ...ਉਹ ਆਂਹਦੇ ਨੌਜਵਾਨ ਸਭਾ ਵਾਲਿਆਂ ਨੂੰ ਪੁੱਛੋ ਖਾਦ...ਵੇਖੋ ਜੀ ਇਹ ਕੋਈ ਚੰਗਾ ਕੰਮ ਐ... ਭਾਵੇਂ ਬਲੈਕ ਹੀ ਸਹੀ...ਅਗਲੇ ਨੂੰ ਮਿਲ ਤਾਂ ਜਾਂਦੀ ਸੀ...ਹੁਣ ਜੀਹਨੂੰ ਇਨ੍ਹਾਂ ਦਿਨਾਂ 'ਚ ਨਾ ਮਿਲੀ...ਉਹ ਝੋਨੇ ਕੀ ਪਾਲੂ? ...ਉਹਨੂੰ ਇਨ੍ਹਾਂ ਦੀ ਦੇਸ਼ ਭਗਤੀ ਨਾਲ ਕੀ?"[13]

ਹਰੇ ਇਨਕਲਾਬ ਦੇ ਪ੍ਰਭਾਵ ਨਾਲ ਫਸਲੀ ਚੱਕਰ ਟੁੱਟਦਾ ਹੈ। ਰਵਾਇਤੀ ਫਸਲਾਂ ਜਿਵੇਂ ਜੌਂ, ਸਰੋਂ, ਦਾਲਾਂ ਦੀ ਬਿਜਾਈ ਘਟਦੀ ਜਾਂਦੀ ਹੈ ਅਤੇ ਝੋਨਾ-ਕਣਕ ਦਾ ਫਸਲੀ ਚੱਕਰ ਸ਼ੁਰੂ ਹੋ ਜਾਂਦਾ ਹੈ। ਪੰਜਾਬ ਵਿਚ ਝੋਨੇ ਦੀ ਆਮਦ ਨਾਲ ਪਾਣੀ, ਖਾਧਾਂ ਤੇ ਕੀਟ-ਨਾਸ਼ਕਾਂ ਦੀ ਲੋੜ ਵਧਦੀ ਹੈ। ਇਹਨਾਂ ਖਾਧਾਂ ਤੇ ਕੀਟ-ਨਾਸ਼ਕਾਂ ਨੂੰ ਵੱਡੇ ਜਿਮੀਂਦਾਰਾਂ ਵੱਲੋਂ ਖਰੀਦਣ ਅਤੇ ਇਸਦੀ ਬਲੈਕ ਰੋਕਣ ਉਤੇ ਵੀ ਖਾਧ ਨਾ ਮਿਲਣ ਦੀ ਸਮੱਸਿਆ ਦਾ ਜ਼ਿਕਰ ਵਰਿਆਮ ਸਿੰਘ ਸੰਧੂ 'ਡੁੱਬਦਾ ਚੜ੍ਹਦਾ' ਕਹਾਣੀ ਵਿਚ ਕਰਦਾ ਹੈ।

ਰਿਸ਼ਤਗੀ ਦੇ ਪੱਖ ਤੋਂ ਵੇਖੀਏ ਤਾਂ ਹਰੇ ਇਨਕਲਾਬ ਤੋਂ ਬਾਅਦ ਮਨੁੱਖ ਦੇ ਮਨੁੱਖ ਅਤੇ ਪਸ਼ੂਆਂ ਨਾਲ ਰਿਸ਼ਤਿਆਂ ਦਾ ਤਾਣਾ-ਬਾਣਾ ਹੋਰ ਉਲਝਦਾ ਹੈ। ਪੈਸਾ ਕੇਂਦਰ ਵਿਚ ਆਉਂਦਾ ਹੈ ਅਤੇ ਮੋਹ ਖੁਰਣ ਲੱਗ ਪੈਂਦਾ ਹੈ। ਹਲਾਂ ਦੀ ਥਾਂ ਟਰੈਕਟਰ ਆਉਣ ਨਾਲ ਢੱਗਿਆਂ ਦੀ ਜ਼ਰੂਰਤ ਵੀ ਖਤਮ ਹੋ ਜਾਂਦੀ ਹੈ ਅਤੇ ਉਹਨਾਂ ਨਾਲੋਂ ਮੋਹ ਵੀ ਟੁੱਟ ਜਾਂਦਾ ਹੈ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਕਿਤੇ-ਕਿਤੇ ਮਸ਼ੀਨਰੀ ਦੇ ਆਉਣ ਨਾਲ ਜਾਨਵਰਾਂ ਪ੍ਰਤੀ ਪੈਦਾ ਹੋਈ ਅਣਗਹਿਲੀ ਦੀ ਪੇਸ਼ਕਾਰੀ ਵੀ ਹੁੰਦੀ ਹੈ। ਹਵਾਲੇ ਵਜੋਂ ਕਹਾਣੀ 'ਗੁਰਮੁਖ ਸਿੰਘ' ਦਾ ਇਹ ਬਿਰਤਾਂਤ ਵੇਖਿਆ ਜਾ ਸਕਦਾ ਹੈ;

---

12 ਉਹੀ, ਪੰਨਾ 406.
13 ਉਹੀ, ਪੰਨਾ 383.

**Shikshan Sanshodhan : Journal of Arts, Humanities and Social Sciences** ISSN: 2581-6241 Volume - 3, Issue - 6, Nov-Dec – 2020
Bi-Monthly, Peer-Reviewed, Refereed, Indexed Journal Impact Factor: 3.589
Received on : 10/12/2020 Accepted on : 25/12/2020 Publication Date: 31/12/2020

" ...ਸੱਜੇ ਹੱਥ ਬੱਝੇ ਮੇਰੇ ਕਮਜ਼ੋਰ ਬਲਦਾਂ ਦੀਆਂ ਟੱਲੀਆਂ ਦੀ ਨਿੰਮ੍ਹੀ ਟੁਣਕਾਰ ਮੇਰੇ ਜ਼ਿਹਨ ਵਿਚ ਰੜਕ ਉੱਠੀ ਹੈ। ਬਿਜਲੀ ਦੇ ਨਿੰਮ੍ਹੇ ਚਾਨਣ ਵਿਚ ਮੈਂ ਰੇਡੀਓ ਦੇ ਹਰੇ ਇਨਕਲਾਬ ਨੂੰ ਬਲਦਾਂ ਦੀਆਂ ਉੱਭਰੀਆਂ ਹੋਈਆਂ ਪਸਲੀਆਂ ਵਿਚੋਂ ਲੱਭਣ ਦਾ ਯਤਨ ਕਰਦਾ ਹਾਂ, ਜਿਨ੍ਹਾਂ ਦੇ ਪਿੰਡੇ ਦਾ ਮਾਸ ਪਤਾ ਨਹੀਂ ਕੌਣ ਖਾ ਗਿਆ ਹੈ।"[14]

ਉਪਰੋਕਤ ਵੇਰਵੇ ਵਿਚ ਬਲਦ ਅਤੇ ਕਾਂ ਨੂੰ ਪ੍ਰਤੀਕ ਵਜੋਂ ਵੀ ਵੇਖ ਸਕਦੇ ਹਾਂ ਜੋ ਵਰਿਆਮ ਸਿੰਘ ਸੰਧੂ ਹਰੇ ਇਨਕਲਾਬ ਦੀ ਬਾਹਰੀ ਦਿਖ ਤੇ ਅੰਦਰ ਦੇ ਸੱਚ ਨੂੰ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਨ ਲਈ ਵਰਤਦਾ ਹੈ। । ਉਹ ਸ਼ੋਸ਼ਿਤ ਤੇ ਸ਼ੋਸ਼ਕ ਧਿਰ ਨੂੰ ਦਰਸਾਉਣ ਲਈ ਬਲਦ ਅਤੇ ਕਾਵਾਂ ਦਾ ਪ੍ਰਤੀਕ ਵਰਤਦਾ ਹੈ।

ਹਰੇ ਇਨਕਲਾਬ ਨੇ ਮਨੁੱਖੀ ਰਿਸ਼ਤਿਆਂ ਦੀਆਂ ਮੋਹ-ਤੰਦਾਂ ਨੂੰ ਤੋੜਨ ਅਤੇ ਮਨੁੱਖ ਦੇ ਅਮਾਨਵੀਕਰਨ ਹੋਣ ਦੇ ਦੁਖਾਂਤ ਨੂੰ ਵੀ ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਸਿਰਜਦੀਆਂ ਹਨ। ਤਾਰੇ ਦਾ ਆਪਣੇ ਪਿਉ ਤੇਜੂ ਦੀ ਬਿਮਾਰੀ ਦੀ ਪਰਵਾਹ ਨਾ ਕਰਨਾ ਅਤੇ ਆ ਕੇ ਬੱਸ ਸੌਂ ਜਾਣ' ਦੀਆਂ ਘਟਨਾਵਾਂ ਉਸ ਅੰਦਰ ਖੁਰ ਗਏ ਮੋਹ ਨੂੰ ਪ੍ਰਗਟਾਉਂਦੀਆਂ ਹਨ, ਪਰ ਇਸਦਾ ਕਾਰਨ ਉਸਦੀ ਆਪਣੀ ਸ਼ੋਸਿਤ ਤੇ ਤੰਗ-ਗੁਜ਼ਾਰੇ ਵਾਲੀ ਜ਼ਿੰਦਗੀ ਹੈ। 'ਵਖਤਾਂ' ਨੂੰ ਹੰਢਾ ਕੇ ਘਰ ਆਇਆ ਤਾਰਾ ਆਪਣੇ ਪਿਉ ਤੇਜੂ ਦੀ ਬਿਮਾਰੀ ਦੀ ਖਬਰ ਸੁਣ ਕੇ ਬੱਸ ਇਹ ਕਹਿੰਦਾ ਤੇ ਸੌਂ ਜਾਂਦਾ ਹੈ;" ਬਮਾਰ ਆ ਤੇ ਮੈਂ ਕੀ ਕਰਾਂ? ਆਹ ਤੇ... ਮੇਰੇ ਭਾ ਦਾ ਵਖਤ...।"[15] ਸੁਨਿਹਰੀ ਕਿਣਕਾ ਕਹਾਣੀ ਵਿਚ ਵੀ ਮਨੁੱਖੀ ਰਿਸ਼ਤਿਆਂ ਦੀ ਭੰਨ ਤੋੜ ਨੂੰ ਪੇਸ਼ ਕੀਤਾ ਗਿਆ ਹੈ।

ਅਜੋਕੇ ਸਮੇਂ ਦੀ ਮਨੁੱਖੀ ਮਾਨਸਿਕਤਾ ਦਿਨ-ਬ-ਦਿਨ ਖੰਡਿਤ ਹੁੰਦੀ ਜਾ ਰਹੀ ਹੈ। ਇਹ ਖੇਤੀਬਾੜੀ ਹੀ ਹੈ ਜਿਸਨੇ ਸਭ ਤੋਂ ਵੱਧ ਮਨੁੱਖਾਂ ਦੇ ਇਕ ਵੱਡੇ ਵਰਗ ਨੂੰ ਭੋਜਨ ਤਲਾਸ਼ਣ ਜਾਂ ਉਸਦੇ ਪ੍ਰਬੰਧ ਕਰਨ ਦੇ ਝੰਜਟ ਤੋਂ ਨਿਜਾਤ ਦਿਵਾਈ ਹੋਈ ਹੈ। ਖੇਤੀ ਇਸ ਵਰਗ ਨੂੰ ਵਿਹਲ ਪ੍ਰਧਾਨ ਕਰਦੀ ਹੈ ਜਿਸ ਵਿਚ ਇਹ ਕਲਾ-ਗਿਆਨ-ਵਿਗਿਆਨ-ਅਧਿਆਤਮ ਦੇ ਖੇਤਰ ਨਾਲ ਸਬੰਧਿਤ ਹੋਰ ਕੰਮ ਕਰ ਸਕਦਾ ਹੈ। ਹਰੇ ਇਨਕਲਾਬ ਨੇ ਖੇਤੀ ਵਿਚ ਮਨੁੱਖਾਂ ਦੀ ਲੋੜ ਨੂੰ ਹੋਰ ਵੀ ਘਟਾ ਦਿੱਤਾ ਜਿਸ ਫਲਸਰੂਪ ਵੱਡੀ ਗਿਣਤੀ ਵਿਚ ਲੋਕਾਂ ਨੂੰ ਵਿਹਲ ਮਿਲੀ ਪਰ ਪੰਜਾਬੀ ਸਮਾਜਿਕ ਢਾਂਚਾ ਨਾ ਤਾਂ ਉਸ ਵਿਹਲ ਲਈ ਕੋਈ ਢੁੱਕਵਾਂ ਬਦਲ ਦੇ ਸਕਿਆ ਅਤੇ ਨਾ ਹੀ ਸਾਡਾ ਰਾਜਸੀ ਢਾਂਚਾ ਉਹਨਾਂ ਨੂੰ ਕੋਈ ਹੋਰ ਰੁਜ਼ਗਾਰ। ਇਸ ਵਿਹਲ ਨੇ ਇਕ ਵਰਗ ਨੂੰ ਮਨੋ-ਰੋਗੀ ਬਣਾ ਦਿੱਤਾ ਜੋ ਨਸ਼ਿਆਂ ਅਤੇ ਲੜਾਈਆਂ ਵੱਲ ਝੁਕ ਗਏ ਹਨ। ਹਰੇ ਇਨਕਲਾਬ ਨਾਲ ਸਬੰਧਿਤ ਫਸਲੀ ਚੱਕਰ ਦੀਆਂ ਜ਼ਰੂਰਤਾਂ ਜਿਵੇਂ ਖਾਧ, ਬਿਜਲੀ, ਪਾਣੀ, ਕੀਟਨਾਸ਼ਕਾਂ ਦੀ ਜ਼ਰੂਰਤ, ਘਾਟ, ਨਾ-ਉਪਲਬਧੀ, ਬਲੈਕ ਆਦਿ ਮਸਲਿਆਂ ਵਿਚ ਉਲਝੀ ਮਾਨਸਿਕਤਾ ਦੀ ਖਿਝ ਤੇ ਰੋਸ ਨੂੰ ਵੀ ਵਰਿਆਮ ਸਿੰਘ ਸੰਧੂ ਆਪਣੀਆਂ ਕਹਾਣੀਆਂ ਵਿਚ ਪੇਸ਼ ਕਰਦੇ ਹਨ। ਵਰਿਆਮ ਸਿੰਘ ਸੰਧੂ ਨਿਮਨ ਕਿਸਾਨੀ ਦੀ ਨਿੱਘਰ ਰਹੀਆਂ ਹਾਲਤਾਂ ਨਾਲ ਪੈਦਾ ਹੋਏ ਵਿਰੋਧ, ਤੜਪ ਤੇ ਉਲਝਣਾਂ ਨੂੰ ਵੀ ਆਪਣੀ ਕਹਾਣੀ ਵਿਚ ਪੇਸ਼ ਕਰਦੇ ਹਨ। ਉਦਾਹਰਨ ਲਈ 'ਹਨ੍ਹੇਰੀ' ਕਹਾਣੀ ਵੇਖੀ ਜਾ ਸਕਦੀ ਹੈ, ਇਸ ਕਹਾਣੀ ਵਿਚ ਹਨ੍ਹੇਰੀ ਇਕ ਚਿੰਨ ਹੈ ਜਿਸਨੇ ਖੇਤੀ ਨੂੰ ਅਤੇ ਖਿਆਲਾਂ ਨੂੰ ਖਿਲਾਰ ਦਿੱਤਾ ਹੈ। ਇਸ ਦੀ ਸ਼ੁਰੂਆਤ ਵਿਚ ਹੀ ਜ਼ਿਕਰ ਆਉਂਦਾ ਹੈ;

"ਹਨ੍ਹੇਰੀ ਨਾਲ ਤੀਲਾ-ਤੀਲਾ ਹੋਈਆਂ ਕਣਕਾਂ ਦੀਆਂ ਭਰੀਆਂ ਨੂੰ ਪੈਲੀ ਵਿਚੋਂ ਇਕੱਠਿਆਂ ਕਰਦਿਆਂ ਦਿਨ ਸਿਰ 'ਤੇ ਚੜ੍ਹ ਆਇਆ ਸੀ। ਕੋਈ ਕਿਤੇ, ਕੋਈ ਕਿਤੇ, ਡਿੱਗੇ ਨਾੜ ਤੇ ਸਿੱਟਿਆਂ ਵਾਂਗ ਉਸ ਦੇ ਖਿਆਲ ਵੀ ਖਿੱਲਰੇ ਫਿਰਦੇ ਸਨ।"[16]

ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਹਰੇ ਇਨਕਲਾਬ ਦਾ ਪ੍ਰਭਾਵ ਪਾਤਰਾਂ ਦੇ ਚੇਤਨਾ ਪ੍ਰਵਾਹ ਨੂੰ ਪੇਸ਼ ਕਰਨ ਸਮੇਂ ਪ੍ਰਕਿਰਤਕ ਬਿੰਬਾਂ ਰਾਹੀਂ ਵੀ ਉਜਾਗਰ ਹੁੰਦਾ ਹੈ। ਵਾਪਸੀ ਕਹਾਣੀ ਵਿਚ ਸੰਤਾ ਸਿੰਘ ਬਾਰੇ ਵੇਰਵਾ ਹੈ;

"ਗੁਰਦੁਆਰੇ ਦੇ ਅਹਾਤੇ ਤੋਂ ਬਾਹਰ ਝੋਨੇ ਦੇ ਖੇਤ ਦੀ ਵੱਟ ਤੇ ਆਣ ਖੜੋਤਾ ਸੀ। ਮੀਂਹ ਨਾ ਪੈਣ ਕਾਰਨ ਝੋਨੇ ਦੀ ਪੈਲੀ ਵਿਚ ਤਰੇੜਾਂ ਪੈ ਕੇ ਧਰਤੀ ਪਾਟ ਗਈ ਸੀ ਤੇ ਮਿੱਟੀ ਦੇ ਖਲੇਪੜ ਉਚੜੇ ਪਏ ਸਨ। ਧਰਤੀ ਦੀ ਸਾਰੀ ਪਿਆਸ ਸਿਰ ਸੁੱਟੀ ਖੜੋਤੇ ਕੁਮਲਾਏ ਬੂਟਿਆਂ ਦੇ ਬੁੱਲ੍ਹਾਂ ਤੇ ਆ ਟਿਕੀ ਸੀ।"

ਝੋਨੇ ਦੇ ਖੇਤਾਂ ਵਿਚ ਤਰੇੜਾਂ ਹਰੇ ਇਨਕਲਾਬ ਤੋਂ ਬਾਅਦ ਪੈਣ ਲੱਗੀਆਂ। ਪਿਆਸੀ ਧਰਤੀ ਤੇ ਬੂਟਿਆਂ ਦਾ ਕੁਮਲਾਉਣਾ ਸੰਕੇਤ ਕਰਦਾ ਹੈ ਝੋਨੇ ਦੀਆਂ ਪੈਲੀਆਂ ਕਿਵੇਂ ਪੰਜਾਬ ਦੇ ਪਾਣੀ ਘਟਾ ਰਹੀਆਂ ਹਨ। ਪਾਣੀ ਡੂੰਘੇ ਹੋ ਜਾਣ ਕਾਰਨ ਕਿਸਾਨਾਂ ਨੂੰ ਡੂੰਘੇ ਬੋਰ ਕਰਨੇ ਪੈਂਦੇ ਹਨ ਅਤੇ ਖਾਦਾਂ ਸਪਰੇਹਾਂ ਤੋਂ ਬਚਦੀ ਰਕਮ ਬੋਰ ਦੇ ਲੇਖੇ ਲੱਗ ਜਾਂਦੀ ਹੈ ਜਿਸ ਨਾਲ ਜੀਵਨ ਵਿਚ ਕਲੇਸ਼ ਵਧਦਾ ਹੈ। ਇਸ ਦਾ ਜ਼ਿਕਰ 'ਗੁਰਮੁਖ ਸਿੰਘ' ਕਹਾਣੀ ਵਿਚ ਹੁੰਦਾ ਹੈ। 'ਹਨ੍ਹੇਰੀ' ਕਹਾਣੀ ਵਿਚ ਹਨ੍ਹੇਰੀ ਨਾਲ ਪੰਛੀਆਂ ਦਾ ਮਰਨਾ ਅਤੇ ਰੁੱਖਾਂ ਦਾ ਪੁੱਟਿਆ ਜਾਣਾ ਇਸ ਹਰੇ ਇਨਕਲਾਬ ਵੱਲੋਂ ਕੁਦਰਤ ਦੇ ਹੋ ਰਹੇ ਘਾਣ ਵੱਲ ਸੰਕੇਤ ਕਰਨਾ ਜਾਪਦਾ ਹੈ। ਹਨ੍ਹੇਰੀ ਕਹਾਣੀ ਵਿਚ ਵੇਰਵਾ ਹੈ;

" ....ਉਹਦੇ ਪੈਰਾਂ ਵਿਚ ਹਨ੍ਹੇਰੀ 'ਚ ਮਰੇ ਤੋਤੇ ਦੀ ਲਹੂ ਨਾਲ ਲਿੱਬੜੀ ਸਿਰੀ ਪਈ ਸੀ ਤੇ ਸੱਜੇ ਹੱਥ ਤਿੰਨ ਮਰੀਆਂ ਹੋਈਆਂ ਚਿੜੀਆਂ...ਖਿੱਲਰੇ ਖੰਭ...ਬੋਟੀਆਂ-ਬੋਟੀਆਂ।"[17]

ਕੁਦਰਤੀ ਪੱਖ ਤੋਂ ਵੇਖੀਏ ਤਾਂ ਹਰੇ ਇਨਕਲਾਬ ਨੇ ਕੁਦਰਤੀ ਜੀਵਨ ਨੂੰ ਹੋਰ ਅਸਤ-ਵਿਅਸਤ ਵਿਚ ਕਰਨ ਵਿਚ ਆਪਣੀ ਵੱਡੀ ਭੂਮਿਕਾ ਨਿਭਾਈ ਹੈ। ਵਾਤਾਵਰਣ ਨੂੰ ਪ੍ਰਦੂਸ਼ਿਤ ਕੀਤਾ; ਜਮੀਨੀ ਪਾਣੀ ਦੀ ਬਹੁਤਾਤ ਵਿਚ ਵਰਤੋਂ ਨਾਲ ਪੰਜਾਬ ਦਾ ਪਾਣੀ ਘਟਿਆ, ਨਵੀਂ-ਨਵੀਆਂ ਮਾਰੂ ਬਿਮਾਰੀਆਂ ਪੈਦਾ ਹੋਈਆਂ। ਖੁਰਾਕ ਦੇ ਵਧਣ ਨਾਲ ਜਨਸੰਖਿਆ ਵਿਚ ਵਾਧਾ ਹੋਇਆ। ਜਿਸਦੀ ਬਦੌਲਤ ਜੈਵਿਕ ਸੰਤੁਲਨ ਵਿਗੜਦਾ ਹੈ। ਇਸ ਦੌਰ ਵਿਚ ਮਨੁੱਖ ਆਪਣੇ ਭੋਜਨ ਨੂੰ ਪੈਦਾ ਕਰਨ ਲਈ ਉਹ ਆਪਣੇ ਭੋਜਨ ਤੋਂ ਬਿਨਾਂ ਹੋਰ ਪੌਦਿਆਂ ਅਤੇ ਭੋਜਨ ਦੇ ਆਪਣੇ ਸ਼ਰੀਕ ਹੋਰ ਜੀਵਾਂ ਦੀ ਅੰਨ੍ਹੇ ਵਾਹ ਹੱਤਿਆ ਕਰਦਾ ਹੈ।

---

[14] ਉਹੀ, ਪੰਨਾ 314.
[15] ਉਹੀ, ਪੰਨਾ 457.
[16] ਉਹੀ, ਪੰਨਾ 386.
[17] ਉਹੀ, ਪੰਨਾ 387.

**Shikshan Sanshodhan : Journal of Arts, Humanities and Social Sciences** ISSN: 2581-6241 Volume - 3, Issue - 6, Nov-Dec – 2020
Bi-Monthly, Peer-Reviewed, Refereed, Indexed Journal Impact Factor: 3.589
Received on : 10/12/2020 Accepted on : 25/12/2020 Publication Date: 31/12/2020

ਜਿਸਦੇ ਫਲਸਰੂਪ ਅਨੇਕਾਂ ਪੌਦੇ ਤੇ ਜੀਵ-ਜੰਤੂ ਖਤਮ ਹੋ ਰਹੇ ਹਨ। ਵਰਿਆਮ ਸਿੰਘ ਸੰਧੂ ਦੀਆਂ ਕਹਾਣੀਆਂ ਵਿਚ ਫਸਲ ਲਈ ਪਾਣੀ ਦੀ ਕਿੱਲਤ ਨੂੰ ਤਾਂ ਪੇਸ਼ ਕੀਤਾ ਗਿਆ ਹੈ ਪਰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਲੁੱਟ ਵੱਲ ਕੋਈ ਸੰਕੇਤ ਨਹੀਂ ਕੀਤਾ। ਸਿਹਤ ਹਾਲਤਾਂ ਵਿਚਲੇ ਪ੍ਰਭਾਵ ਨੂੰ ਵੀ ਉਹਨਾਂ ਆਪਣੀ ਕਹਾਣੀ ਵਿਚ ਕੋਈ ਖਾਸ ਥਾਂ ਨਹੀਂ ਦਿੱਤੀ। ਡੁੰਮ ਕਹਾਣੀ ਵਿਚ ਚਿੰਤੋਂ ਵੱਲੋਂ 'ਤੇਜੂ ਨੂੰ ਨਵੇਂ ਜਮਾਨੇ ਦੀਆਂ ਨਵੀਆਂ ਬਿਮਾਰੀਆਂ ਦਾ ਸ਼ਿਕਾਰ ਮੰਨਣ ਦੀ ਭਾਵੇਂ ਗੱਲ ਆਉਂਦੀ ਹੈ। ਪਰ ਉਥੇ ਇਹ ਨਵੀਂ ਬਿਮਾਰੀ ਗਰੀਬੀ ਹੈ ਨਾ ਕਿ ਕੋਈ ਹੋਰ ਬਿਮਾਰੀ ਜੋ ਹਰੇ ਇਨਕਲਾਬ ਦੇ ਜਮਾਨੇ ਵਿਚ ਪੈਦਾ ਹੋਈ ਹੈ।

ਹਰੇ ਇਨਕਲਾਬ ਦੇ ਹਾਂ-ਪੱਖੀ ਪ੍ਰਭਾਵ ਵੀ ਕਿਤੇ-ਕਿਤੇ ਵੇਖਣ ਨੂੰ ਮਿਲ ਜਾਂਦੇ ਹਨ ਜਿੱਥੇ ਲੇਖਕ ਇਕ ਵਰਗ ਦੀ ਸੁਧਰੀ ਜੀਵਨ ਹਾਲਤ ਅਤੇ ਉਸਦੇ ਵਧਦੇ ਮੁਨਾਫੇ ਨੂੰ ਬਿਆਨ ਕਰਦਾ ਹੈ। ਪਰਵਾਸ ਵਿਚੋਂ ਕਮਾਏ ਪੈਸੇ ਨਾਲ ਪੰਜਾਬ ਵਿਚ ਬਣਾਈ ਜ਼ਮੀਨ ਅਤੇ ਬਦਲੀ ਆਰਥਿਕ ਹਾਲਤ ਵੀ 'ਸੁਨਹਿਰੀ ਕਿਣਕਾ' ਵਿਚ ਪੇਸ਼ ਹੁੰਦੀ ਹੈ। ਪੀਤੂ ਸਿੰਘਾਪੁਰ ਵਿਚੋਂ ਆਪਣੇ ਕਮਾਏ ਪੈਸੇ ਨਾਲ ਫੌਜੂ ਕਿਸਾਨ ਦੀ ਹਾਲਤ ਬਦਲਦਾ ਹੈ। ਕਹਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਫੌਜੂ ਤੇ ਪੀਤੂ ਦੇ ਪਿਤਾ ਦਾ ਸਰਦਾ-ਪੁੱਜਦਾ ਕਿਸਾਨ ਬਣਨ ਦਾ ਸੁਪਨਾ ਹੱਡ-ਭੰਨਵੀਂ ਮਿਹਨਤ ਦੇ ਬਾਵਜੂਦ ਵੀ ਤਾ-ਜ਼ਿੰਦਗੀ ਪੂਰਾ ਨਹੀਂ ਹੁੰਦਾ ਪਰ ਪੀਤੂ ਦੇ ਬਾਹਰੋਂ ਕਮਾਏ ਪੈਸੇ ਨਾਲ ਕਰਜ਼ਾ ਉੱਤਰਦਾ ਹੈ ਅਤੇ ਵਿੱਤੀ ਹਾਲਤ ਬਦਲਦੀ ਹੈ। ਉਹ ਸੁਪਨਾ ਜੋ ਕਿਰਤੀ ਬਣਿਆ ਕਦੇ ਪੂਰਾ ਨਹੀਂ ਹੋਇਆ ਉਹ ਬਾਹਰੋਂ ਆਏ ਪੈਸੇ ਨਾਲ ਪੂਰਾ ਹੋ ਗਿਆ। ਇਹ ਖੇਤੀ ਵਿਚ ਸਰਮਾਏਦਾਰੀ ਦੇ ਪ੍ਰਭਾਵ ਨੂੰ ਪੇਸ਼ ਕਰਦੀ ਹੈ। ਖੇਤੀ ਉਤੇ ਸਰਮਾਏਦਾਰੀ ਦਾ ਪ੍ਰਭਾਵ ਹਰੀ-ਕ੍ਰਾਂਤੀ ਤੋਂ ਪਹਿਲਾਂ ਅਤੇ ਬਾਅਦ ਦੋਵਾਂ ਸਮਿਆਂ ਦਾ ਚਿਤਰਦੀ ਹੈ। ਹਰੇ ਇਨਕਲਾਬ ਤੋਂ ਪਹਿਲਾਂ ਵੀ ਫੌਜੂ ਬਾਹਰੋਂ ਆਏ ਪੈਸੇ ਨਾਲ ਕਮਾਈ ਵਧਾਉਂਦਾ ਤੇ ਜ਼ਮੀਨ ਖਰੀਦਦਾ ਹੈ ਪਰ ਹਰਾ ਇਨਕਲਾਬ ਮੁਨਾਫਾ ਵਧਾਉਣ ਦੀ ਗਤੀ ਤੇਜ਼ ਕਰ ਦਿੰਦਾ ਹੈ।

ਵਰਿਆਮ ਸਿੰਘ ਸੰਧੂ ਦੇ ਕਹਾਣੀ ਸੰਸਾਰ ਵਿਚ ਹਰੇ ਇਨਕਲਾਬ ਨਾਲ ਬਦਲੇ ਪੰਜਾਬੀ ਰੁਝਾਨਾਂ ਵੱਲ ਵੀ ਸੰਕੇਤ ਕੀਤਾ ਗਿਆ ਹੈ। ਇਸ ਪ੍ਰਸੰਗ ਵਿਚ ਉਸਦੀ ਕਹਾਣੀ 'ਜਮਰੌਦ' ਵੇਖੀ ਜਾ ਸਕਦੀ ਹੈ। 'ਜਮਰੌਦ' ਕਹਾਣੀ ਪੰਜਾਬ ਦੇ ਪਰਵਾਸ ਦੇ ਝੁਕਾਅ ਦੇ ਇਤਿਹਾਸ ਤੇ ਮਨੋ-ਇਤਿਹਾਸ ਦਾ ਬਿਰਤਾਂਤ ਹੈ। ਇਸ ਬਿਰਤਾਂਤ ਵਿਚ ਹਰੇ ਇਨਕਲਾਬ ਦਾ ਜ਼ਿਕਰ ਵੀ ਵਰਿਆਮ ਸਿੰਘ ਸੰਧੂ ਕਰਦੇ ਹਨ। ਇਹ ਕਹਾਣੀ ਪਰਵਾਸ ਦੇ ਦੌਰ ਦੇ ਪਿਛੋਕੜ ਵਿਚ ਕਾਰਜਸ਼ੀਲ ਪੰਜਾਬੀ ਮਾਨਸਿਕਤਾ ਅਤੇ ਆਰਥਿਕਤਾ ਨੂੰ ਪੜਚੋਲਦੀ ਹੈ। ਇਸ ਕਹਾਣੀ ਵਿਚ ਜ਼ਿਕਰ ਆਉਂਦਾ ਹੈ ਕਿ ਹਰੇ ਇਨਕਲਾਬ ਦੇ ਆਉਣ ਨਾਲ ਪਰਵਾਸ ਦੀ ਉਡਾਨ ਨੂੰ ਕੁਝ ਠੱਲ ਪੈਂਦਾ ਹੈ। ਕਹਾਣੀਕਾਰ ਵੀਰੂ ਰਾਹੀਂ ਉਸ ਸੰਵਾਦ ਨੂੰ ਪੇਸ਼ ਕੀਤਾ ਜੋ ਹਰੇ ਇਨਕਲਾਬ ਤੋਂ ਬਾਅਦ ਇਕ ਵਾਰ ਪੰਜਾਬ ਵਿਚ ਪਰਵਾਸ ਪ੍ਰਤੀ ਚੱਲਿਆ ਸੀ; " ਜੱਟਾ! ਤੇਰੀ ਬੰਬੀ ਲੱਗ ਗਈ। ਫ਼ਸਲਾਂ ਨੂੰ ਪਾਣੀ ਮਿਲਿਆ; ਤੂੰ ਜਾਣ ਤੇਰਾ ਮਰੀਕਾ-ਕਨੇਡਾ ਏਥੇ ਈ ਆ ਗਿਆ।"[18]

ਅੰਤ ਅਸੀਂ ਇਹ ਕਹਿ ਸਕਦੇ ਹਾਂ ਕਿ ਵਰਿਆਮ ਸਿੰਘ ਸੰਧੂ ਨੇ ਭਾਵੇਂ ਕਿਸੇ ਕਹਾਣੀ ਵਿਚ ਹਰੇ-ਇਨਕਲਾਬ ਨੂੰ ਮੂਲ ਥੀਮ ਵਜੋਂ ਨਹੀਂ ਲਿਆ ਪਰ ਫਿਰ ਵੀ ਇਸਦਾ ਜ਼ਿਕਰ ਕਹਾਣੀਆਂ ਦੇ ਮੁੱਖ ਵਿਸ਼ੇ ਦੇ ਨਾਲ-ਨਾਲ ਹੋਇਆ ਹੈ। ਜੇਕਰ ਸਮੁੱਚ ਵਿਚ ਹੋਏ ਜ਼ਿਕਰ ਦੀ ਗੱਲ ਕਰੀਏ ਤਾਂ ਜਿੱਥੇ ਵਰਿਆਮ ਸਿੰਘ ਸੰਧੂ ਨੇ ਹਰੇ ਇਨਕਲਾਬ ਦੇ ਹਾਂ-ਪੱਖੀ ਪ੍ਰਭਾਵ ਪੰਜਾਬੀਆਂ ਦੇ ਆਰਥਿਕ ਉਭਾਰ ਦੀ ਗੱਲ ਕੀਤੀ ਹੈ ਉੱਥੇ ਵਧੇਰੇ ਕਰਕੇ ਇਸਦੇ ਨਾ-ਪੱਖੀ ਪ੍ਰਭਾਵਾਂ ਨੂੰ ਪੇਸ਼ ਕੀਤਾ ਹੈ। ਕਿਸੇ ਵੀ ਸਾਹਿਤਕਾਰ ਤੋਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਸਮੂਹ ਦੇ ਬੌਧਿਕ ਵਰਗ ਦਾ ਹਿੱਸਾ ਹੋਣ ਕਰਕੇ ਉਹ ਲੋਕਾਂ ਨੂੰ ਨਾ ਸਿਰਫ ਕਿਸੇ ਵਰਤਾਰੇ ਦੇ ਸਤਹੀ ਦ੍ਰਿਸ਼ ਤੋਂ ਜਾਣੂ ਕਰਵਾਏ ਸਗੋਂ ਆਪਣੀ ਦੂਰ-ਦ੍ਰਿਸ਼ਟੀ ਨਾਲ ਉਸ ਵਰਤਾਰੇ ਦੇ ਜੀਵਨ ਦੇ ਵਿਭਿੰਨ ਪੱਖਾਂ ਉਤੇ ਪਏ ਅਸਰਾਂ ਨੂੰ ਸਮਝੇ ਅਤੇ ਸਮਝਾਏ। ਵਰਿਆਮ ਸਿੰਘ ਸੰਧੂ ਇਸ ਉਮੀਦ ਉਤੇ ਖਰੇ ਉੱਤਰਦੇ ਹਨ। ਉਹਨਾਂ ਨੇ ਆਪਣੇ ਕਹਾਣੀ-ਜਗਤ ਰਾਹੀਂ ਹਰੇ ਇਨਕਲਾਬ ਦੇ ਸੁਨਿਹਰੀ ਦਿਖਦੇ ਨਕਾਬ ਨੂੰ ਉਤਾਰ ਕੇ ਇਸਦੀ ਕਾਲੀ ਹਕੀਕਤ ਤੋਂ ਪੰਜਾਬੀ ਸਮੂਹ ਨੂੰ ਜਾਣੂ ਕਰਵਾਉਣ ਦਾ ਸਫਲ ਯਤਨ ਕੀਤਾ ਹੈ।

[18] ਉਹੀ, ਪੰਨਾ 47.